ਮਹਾਰਾਸ਼ਟਰ ਸਰਕਾਰ ਵੱਲੋਂ ਵਿਸ਼ੇਸ਼ ਤੌਰ 'ਤੇ ਗਠਿਤ ਸ਼ਹੀਦੀ ਸ਼ਤਾਬਦੀ ਸਮਾਗਮ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਤੇ ਮੁੱਖ ਮੰਤਰੀ ਮਹਾਰਾਸ਼ਟਰਾ ਰਾਹਤ ਫੰਡ ਦੇ ਇੰਚਾਰਜ ਰਾਮੇਸ਼ਵਰ ਨਾਇਕ ਦੀ ਅਗਵਾਈ ਹੇਠ ਅੱਜ ਤੀਸਰੇ ਪੜਾਅ ਦੇ ਸ਼ਹੀਦੀ ਸਮਾਗਮਾਂ ਲਈ ਲਗਾਏ ਜਾ ਰਹੇ ਪੰਡਾਲ ਦੇ ਨਿਰਮਾਣ ਕਾਰਜ ਤੋਂ ਪਹਿਲਾਂ ਅਰਦਾਸ ਸਮਾਗਮ(ਭੂਮੀ ਪੂਜਨ) ਰੱਖਿਆ ਗਿਆ,ਜਿਸ ਵਿੱਚ ਮਹਾਂਰਾਸ਼ਟਰ ਸਰਕਾਰ ਦੇ ਪ੍ਰਤੀਨਿਧੀ,ਸੰਤ ਮਹਾਂਪੁਰਸ਼ ਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੇ ਭਾਗ ਲਿਆ।ਇਸ ਦੌਰਾਨ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਧੰਨਵਾਦ ਕਰਦੇ ਹੋਏ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਮਹਾਂਰਾਸ਼ਟਰ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਨੂੰ ਬੜੀ ਸ਼ਰਧਾ,ਲਗਨ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਮਹਾਰਾਸ਼ਟਰ ਵਿਖੇ 8 ਦਸੰਬਰ ਨੂੰ ਨਾਗਪੁਰ ਤੇ 24-25 ਜਨਵਰੀ ਨੂੰ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸੰਪੂਰਨ ਹੋਏ ਇਤਿਹਾਸਕ ਸਮਾਗਮਾਂ ਤੋਂ ਬਾਅਦ ਅਗਲੇ ਸਮਾਗਮ ਖਾਰਗਰ ਵਿਖੇ ਆਯੋਜਿਤ ਕੀਤੇ ਜਾ ਰਹੇ ਹਨ,ਜਿਸ ਦੌਰਾਨ ਦੇਸ਼ ਦੇ ਪ੍ਰਧਾਨ ਮੰਤਰੀ ਨੇਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਉਚੇਚੇ ਤੌਰ 'ਤੇ ਸ਼ਾਮਿਲ ਹੋਣਗੇ,ਜਿੰਨ੍ਹਾਂ ਨਾਲ ਹੋਰ ਵੀ ਬਹੁਤ ਸਾਰੀਆਂ ਅਹਿਮ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਸ਼ਖਸ਼ੀਅਤਾਂ ਹਾਜ਼ਰੀ ਭਰਨਗੀਆ।ਦਮਦਮੀ ਟਕਸਾਲ ਮੁਖੀ ਨੇ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੁਰੂ ਸਾਹਿਬ ਤੇ ਉਨ੍ਹਾਂ ਨਾਲ ਸ਼ਹੀਦ ਹੋਏ ਭਾਈ ਮਤੀ ਦਾਸ,ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਅਮੁੱਲੀ ਸ਼ਹਾਦਤ ਪ੍ਰਤੀ ਸਤਿਕਾਰ ਰੱਖਦੇ ਹੋਏ ਇੰਨ੍ਹਾਂ ਦੋ ਦਿਨਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਜ਼ਰੂਰ ਸ਼ਾਮਿਲ ਹੋਣ।ਇਸ ਮੌਕੇ ਕੈਬਨਿਟ ਮੰਤਰੀ ਰਾਮੇਸ਼ਵਰ ਨਾਇਕ ਨੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤੇ ਵਿਸ਼ੇਸ਼ ਤੌਰ 'ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇੰਨ੍ਹਾਂ ਦੇ ਸਹਿਯੋਗ ਤੋਂ ਬਿੰਨ੍ਹਾਂ ਇਹ ਸਮਾਗਮ ਅਯੋਜਿਤ ਕੀਤੇ ਜਾਣਾ ਬਹੁਤ ਕਠਿਨ ਕਾਰਜ ਸੀ,ਪਰ ਬਾਬਾ ਹਰਨਾਮ ਸਿੰਘ ਖਾਲਸਾ ਦੇ ਸ਼ਤਾਬਦੀ ਸਮਾਗਮਾਂ ਪ੍ਰਤੀ ਅਥਾਹ ਸ਼ਰਧਾਂ ਤੇ ਉਤਸ਼ਾਹ ਨੂੰ ਦੇਖਦੇ ਹੋਏ ਗੁਰੂ ਸਾਹਿਬ ਨੇ ਆਪ ਅੱਗੇ ਹੋ ਕੇ ਉਨ੍ਹਾਂ ਤੋਂ ਇਹ ਸੇਵਾ ਲਈ ਹੈ ।ਅੱਜ ਬਾਬਾ ਜੀ ਦੇ ਵੱਡੇ ਉਪਰਾਲੇ ਸਦਕਾ 350 ਸ਼ਤਾਬਦੀ ਸਮਾਗਮਾਂ ਨੂੰ ਬਹੁਤ ਹੀ ਵਿਸ਼ਾਲਤਾ ਨਾਲ ਮਨਾਇਆ ਜਾ ਰਿਹਾ ਹੈ।ਇਸ ਮੌਕੇ ਚੇਅਰਮੈਚ ਸੱਚਖੰਡ ਬੋਰਡ ਵਿਜੇ ਸਤਬੀਰ, ਐੱਮ.ਡੀ.ਸਿਡਕੋ ਵਿਜੇ ਸਿੰਘਾਲ,ਡਿਵਿਜ਼ਨ ਕਮਿਸ਼ਨਰ ਵਿਜੇ ਸੂਰਯਵੰਸ਼ੀ, ਨਵੀਂ ਮੁੰਬਈ ਪੁਲਸ ਕਮਿਸ਼ਨਰ ਮਿਲੰਦ ਬਾਰੰਬੇ,ਕੁਲੈਕਟਰ ਥਾਣੇ ਕ੍ਰਿਸ਼ਨਾ ਪੰਚਾਲ,ਮਿਉਸੀਪਲ ਕਾਰਪੋਰੇਸ਼ਨ ਨਵੀਂ ਮੁੰਬਈ ਕਮਿਸ਼ਨਰ ਕੈਲਾਸ਼ ਸ਼ਿੰਦੇ, ਵਿਜੇ ਸਤਬੀਰ ਸਿੰਘ ਚੇਅਰਮੈਨ ਸ੍ਰੀ ਹਜੂਰ ਸਾਹਿਬ ਸੱਚਖੰਡ ਬੋਰਡ, ਭਾਈ ਜਸਪਾਲ ਸਿੰਘ ਸਿੱਧੂ ਚੇਅਰਮੈਨ ਸੁਪਰੀਮ ਕੌਂਸਲ ਨਵੀਂ ਮੁੰਬਈ ਗੁਰਦੁਆਰਾ,ਭਾਈ ਚਰਨਦੀਪ ਸਿੰਘ ਹੈਪੀ ਮੈਂਬਰ ਮਨਓਰਟੀ ਕਮਿਸ਼ਨ ਮਹਾਂਰਾਸ਼ਟਰ ਸਰਕਾਰ, ਗੁਰਦੁਆਰਾ ਸ੍ਰੀ ਖਾਰਗਰ ਪ੍ਰਧਾਨ ਭਾਈ ਪਰਮਜੀਤ ਸਿੰਘ, ਪ੍ਰਧਾਨ ਅਮਰਪਾਲ ਸਿੰਘ ਰੰਧਾਵਾ, ਦਮਦਮੀ ਟਕਸਾਲ ਤੋਂ ਗਿਆਨੀ ਸਾਹਬ ਸਿੰਘ,ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ.ਅਵਤਾਰ ਸਿੰਘ ਬੁੱਟਰ ਆਦਿ ਮੌਜੂਦ ਸਨ।



# ਸੰਗਰੂਰ ਜ਼ਿਲ੍ਹੇ 'ਚ 'ਆਪ੍ਰੇਸ਼ਨ ਪ੍ਰਹਾਰ-2' ਤਹਿਤ ਵਿਸ਼ੇਸ਼ ਮੁਹਿੰਮ ਦਾ ਆਗਾਜ

## ਆਪ੍ਰੇਸ਼ਨ ਪ੍ਰਹਾਰ-2 ਤਹਿਤ 90 ਥਾਵਾਂ 'ਤੇ ਛਾਪੇਮਾਰੀ: 41 ਲੋੜੀਂਦੇ ਅਪਰਾਧੀ ਗ੍ਰਿਫ਼ਤਾਰ

ਸੰਗਰੂਰ
ਸਾਂਝੀ ਸੋਚ ਬਿਊਰੋ

ਐਸ.ਐਸ.ਪੀ ਸੰਗਰੂਰ ਸਰਤਾਜ ਸਿੰਘ ਚਾਹਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ. ਗੌਰਵ ਯਾਦਵ ਦੇ ਨਿਰਦੇਸ਼ਾਂ ਅਨੁਸਾਰ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਫਿਰੌਤੀਆਂ ਮੰਗਣ ਵਾਲਿਆਂ ਦਾ ਨੈਟਵਰਕ ਤੋੜਨ ਲਈ ਪੰਜਾਬ ਪੁਲਿਸ ਵੱਲੋਂ ਮੁਹਿੰਮਾਂ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਤਹਿਤ ਮਿਤੀ 20 ਜਨਵਰੀ 2026 ਤੋਂ "ਗੈਂਗਸਟਰਾਂ ਤੇ ਵਾਰ" ਆਪ੍ਰੇਸ਼ਨ ਦੌਰਾਨ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਕੈਟਾਗਿਰੀ ਬੀ ਦੇ 2 ਨਾਮੀ ਗੈਂਗਸਟਰਾਂ ਨੂੰ ਗ੍ਰਿਫਤਾਰ ਕੀਤਾ ਗਿਆ।ਇਸ ਆਪ੍ਰੇਸ਼ਨ ਤਹਿਤ ਜਿਲ੍ਹਾ ਸੰਗਰੂਰ ਅੰਦਰ ਰਾਜੇਸ਼ ਛਿੱਬਰ, ਕਪਤਾਨ ਪੁਲਿਸ (ਸਥਾਨਕ), ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਅਤੇ ਨਵਰੀਤ ਸਿੰਘ ਵਿਰਕ, ਕਪਤਾਨ ਪੁਲਿਸ (ਪੀ.ਬੀ.ਆਈ) ਸੰਗਰੂਰ ਦੀ ਨਿਗਰਾਨੀ ਹੇਠ ਡੀ.ਐਸ.ਪੀਜ, ਮੁੱਖ ਅਫਸਰਾਨ ਥਾਣਾ, ਸੀ.ਆਈ.ਏ ਬਹਾਦਰ ਸਿੰਘ ਵਾਲਾ ਅਤੇ ਇੰਚਾਰਜ ਚੌਂਕੀਆਂ ਦੀਆਂ ਵੱਖ-ਵੱਖ ਟੀਮਾਂ ਬਣਾ ਕੇ ਕੁੱਲ 693 ਛਾਪੇਮਾਰੀਆਂ ਕਰਕੇ 1993 ਕ੍ਰਿਮੀਨਲ ਪਿਛੋਕੜ ਵਾਲੇ ਵਿਅਕਤੀਆਂ ਪਾਸੋਂ ਪੁੱਛ-ਗਿੱਛ ਕੀਤੀ ਗਈ, ਜਿਨ੍ਹਾਂ ਵਿੱਚੋਂ 1094 ਵਿਅਕਤੀਆਂ 'ਤੇ ਇਹਤਿਆਤੀ ਕਾਰਵਾਈ ਕੀਤੀ ਗਈ। ਇਸ ਤੋਂ ਇਲਾਵਾ ਵੱਖ-ਵੱਖ ਮੁਕੱਦਮਿਆਂ ਵਿੱਚ ਲੋੜੀਂਦੇ 27 ਪੀ. ਓਜ (ਭਗੌੜੇ) ਨੂੰ ਗ੍ਰਿਫਤਾਰ ਕੀਤਾ ਗਿਆ।ਇਸੇ ਤਰਾਂ ਮਿਤੀ 1 ਮਾਰਚ 2025 ਤੋਂ ਸ਼ੁਰੂ ਹੋਈ "ਯੁੱਧ ਨਸ਼ਿਆਂ ਵਿਰੁੱਧ ਅਤੇ ਪਿੰਡਾਂ ਦੇ ਪਹਿਰੇਦਾਰ" ਮੁਹਿੰਮ ਤਹਿਤ ਡਰੱਗ ਦੇ ਕੁੱਲ 939 ਮੁਕੱਦਮੇ ਦਰਜ ਕਰਕੇ 1310 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਜਿਨ੍ਹਾਂ ਪਾਸੋਂ 14 ਕਿੱਲੋ 438 ਗ੍ਰਾਮ ਹੈਰੋਇਨ, 05 ਕਿੱਲੋ 12 ਗ੍ਰਾਮ ਅਫੀਮ, 2125 ਕਿੱਲੋ 280 ਗ੍ਰਾਮ ਭੁੱਕੀ ਚੂਰਾ ਪੋਸਤ, 52596 ਨਸ਼ੀਲ਼ੀਆਂ ਗੋਲੀਆਂ, 10 ਕਿੱਲੋ 426 ਗ੍ਰਾਮ ਸੁਲਫਾ/ਗਾਂਜਾ, 444 ਗ੍ਰਾਮ ਚਰਸ, 94 ਨਸ਼ੀਲੇ ਟੀਕੇ, 65 ਕਿੱਲੋ 724 ਗ੍ਰਾਮ ਹਰੇ ਪੌਦੇ ਪੋਸਤ ਅਤੇ 19,37,410/- ਰੁਪਏ ਡਰੱਗ ਮਨੀ ਬ੍ਰਾਮਦ ਕਰਵਾਈ ਗਈ ਹੈ। ਇਸ ਤੋਂ ਇਲਾਵਾ 12 ਨਸ਼ਾ ਤਸਕਰਾਂ ਦੀ 4,39,25,309/- ਰੁਪਏ ਦੀ ਪ੍ਰਾਪਰਟੀ ਜਬਤ ਕਰਵਾਈ ਗਈ ਹੈ। ਪਿੰਡਾਂ ਅਤੇ ਸ਼ਹਿਰਾਂ/ਵਾਰਡਾਂ ਵਿੱਚ ਗਜਟਿਡ ਅਫਸਰਾਨ ਅਤੇ ਮੁੱਖ ਅਫਸਰਾਨ ਥਾਣਾ ਵੱਲੋਂ ਨਸ਼ੇ ਦੀ ਰੋਕਥਾਮ ਸਬੰਧੀ ਪਬਲਿਕ ਨੂੰ ਜਾਗਰੂਕ ਕਰਨ ਲਈ 2017 ਮੀਟਿੰਗਾਂ ਕੀਤੀਆਂ ਗਈਆਂ ਹਨ। ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਨਸ਼ੇ ਦੀ ਦਲਦਲ ਵਿੱਚ ਫਸੇ 150 ਵਿਅਕਤੀਆਂ ਨੂੰ ਨਸ਼ਾ ਛਡਾਊ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ ਅਤੇ 2056 ਵਿਅਕਤੀਆਂ ਨੂੰ ਦਵਾਈ/ਮੈਡੀਸ਼ਨ ਦਿਵਾਈ ਜਾ ਚੁੱਕੀ ਹੈ। ਸੰਗਰੂਰ ਪ੍ਰਸ਼ਾਸਨ ਵੱਲੋਂ 43 ਨਸ਼ਾ ਤਸਕਰਾਂ ਵੱਲੋਂ ਨਸ਼ੇ ਦਾ ਧੰਦਾ ਕਰਕੇ ਬਣਾਈ ਗਈ ਗੈਰਕਾਨੂੰਨੀ ਪ੍ਰਾਪਰਟੀ ਨੂੰ ਬੁਲਡੋਜਰ ਚਲਾ ਕੇ ਢਾਹ ਦਿੱਤਾ ਗਿਆ।ਇਸ ਤੋਂ ਇਲਾਵਾ ਸਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 406 ਮੁਕੱਦਮੇ ਦਰਜ ਕਰਕੇ 427 ਦੋਸੀਆਂ ਨੂੰ ਕਾਬੂ ਕਰਕੇ 6881.375 ਲੀਟਰ ਸਰਾਬ ਠੇਕਾ ਦੇਸੀ, 1120.750 ਲੀਟਰ ਸਰਾਬ ਨਜਾਇਜ, 235.500 ਲੀਟਰ ਸਰਾਬ ਅੰਗਰੇਜੀ, 11260 ਲੀਟਰ ਲਾਹਣ, 04 ਚਾਲੂ ਭੱਠੀਆਂ, 5.750 ਲੀਟਰ ਬੀਅਰ ਅਤੇ 500 ਲੀਟਰ ਸਪਰਿੱਟ ਬ੍ਰਾਮਦ ਕਰਵਾਇਆ ਗਿਆ।ਐਸ.ਐਸ.ਪੀ ਸੰਗਰੂਰ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਗੈਂਗਸਟਰਾਂ 'ਤੇ ਵਾਰ ਦੀ ਲੜੀ ਵਿੱਚ 'ਆਪ੍ਰੇਸ਼ਨ ਪ੍ਰਹਾਰ-2' ਸਬੰਧੀ ਅਗਲੇ 72 ਘੰਟਿਆਂ ਲਈ ਸਪੈਸ਼ਲ ਮੁਹਿੰਮ ਚਲਾਈ ਗਈ ਹੈ। ਜਿਸ ਤਹਿਤ ਜਿਲ੍ਹਾ ਸੰਗਰੂਰ ਅੰਦਰ ਰਾਜੇਸ਼ ਛਿੱਬਰ, ਕਪਤਾਨ ਪੁਲਿਸ (ਸਥਾਨਕ), ਦਵਿੰਦਰ ਅੱਤਰੀ, ਕਪਤਾਨ ਪੁਲਿਸ (ਇੰਨਵੈਸਟੀਗੇਸ਼ਨ) ਅਤੇ ਨਵਰੀਤ ਸਿੰਘ ਵਿਰਕ, ਕਪਤਾਨ ਪੁਲਿਸ (ਪੀ.ਬੀ.ਆਈ) ਸੰਗਰੂਰ ਦੀ ਨਿਗਰਾਨੀ ਹੇਠ ਡੀ.ਐਸ.ਪੀਜ, ਮੁੱਖ ਅਫਸਰਾਨ ਥਾਣਾ, ਇੰਚਾਰਜ ਸੀ.ਆਈ.ਏ ਅਤੇ ਇੰਚਾਰਜ ਚੌਂਕੀਆਂ ਦੀਆਂ ਟੀਮਾਂ ਬਣਾ ਕੇ ਕੁੱਲ 90 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਨ੍ਹਾਂ ਵਿੱਚੋਂ 41 ਲੋੜੀਂਦੇ ਅਪਰਾਧੀ ਗ੍ਰਿਫਤਾਰ ਕੀਤੇ ਗਏ, 25 ਦੋਸ਼ੀਆਂ 'ਤੇ ਇਹਤਿਆਤੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ, 62 ਲੋੜੀਂਦੇ ਅਪਰਾਧੀਆਂ ਨੂੰ ਵੈਰੀਫਾਈ ਕੀਤਾ ਗਿਆ, 01 ਪੀ.ਓ. ਗ੍ਰਿਫਤਾਰ ਕੀਤਾ ਗਿਆ। ਸਰਚ ਦੌਰਾਨ 10 ਗ੍ਰਾਮ ਹੈਰੋਇਨ, 57 ਨਸ਼ੀਲੀਆਂ ਗੋਲੀਆਂ, 10 ਕਿੱਲੋਗ੍ਰਾਮ ਹਰੇ ਪੌਦੇ ਪੋਸਤ ਅਤੇ ਚੋਰੀਸ਼ੁਦਾ 20 ਕਿੱਲੋ ਤਾਰ ਤਾਂਬਾ ਬ੍ਰਾਮਦ ਕਰਾਇਆ ਗਿਆ।ਨਾਕਾਬੰਦੀਆਂ ਦੌਰਾਨ ਸ਼ੱਕੀ ਵਿਅਕਤੀਆਂ/ਵਹੀਕਲਾਂ ਨੂੰ ਚੈੱਕ ਕੀਤਾ ਗਿਆ, ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਹੀਕਲ ਚਾਲਕਾਂ ਦੇ 176 ਚਲਾਣ ਕੀਤੇ ਗਏ।




# ਸਥਾਨਕ ਮਾਲ ਵਿਚ ਜਾ ਕੇ 'ਅਜਿਹਾ ਲੱਗਦਾ ਹੈ ਜਿਵੇਂ ਤੁਸੀਂ ਡਲਾਸ ਵਿਚ ਨਹੀਂ, ਸਗੋਂ ਪਾਕਿਸਤਾਨ ਵਿੱਚ ਹੋ- ਬ੍ਰੈਂਡਨ ਗਿੱਲ

## ਅਮਰੀਕੀ ਸੰਸਦ ਮੈਂਬਰ ਵੱਲੋਂ ਇਸਲਾਮੀਕਰਨ 'ਤੇ ਚਿੰਤਾ ਜ਼ਾਹਿਰ

ਟੈਕਸਾਸ
ਸਾਂਝੀ ਸੋਚ ਬਿਊਰੋ

ਅਮਰੀਕਾ ਦੇ ਇਕ ਸੰਸਦ ਮੈਂਬਰ ਨੇ ਟੈਕਸਾਸ ਸੂਬੇ ਦੇ ਕੁਝ ਚੋਣ ਹਲਕਿਆਂ ਵਿਚ ਹੋ ਰਹੇ 'ਇਸਲਾਮੀਕਰਨ' 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਉੱਥੋਂ ਦੇ ਸਥਾਨਕ ਮਾਲ ਵਿਚ ਜਾ ਕੇ 'ਅਜਿਹਾ ਲੱਗਦਾ ਹੈ ਜਿਵੇਂ ਤੁਸੀਂ ਡਲਾਸ ਵਿਚ ਨਹੀਂ, ਸਗੋਂ ਪਾਕਿਸਤਾਨ ਵਿਚ ਹੋ।'

ਸੰਸਦ ਮੈਂਬਰ ਬ੍ਰੈਂਡਨ ਗਿੱਲ ਨੇ ਸ਼ੁੱਕਰਵਾਰ ਨੂੰ ਇੱਕ ਇੰਟਰਵਿਊ ਦੌਰਾਨ ਕਿਹਾ, 'ਮੈਨੂੰ ਆਪਣੇ ਵੋਟਰਾਂ ਤੋਂ ਲਗਾਤਾਰ ਸ਼ਿਕਾਇਤਾਂ ਮਿਲ ਰਹੀਆਂ ਹਨ, ਜੋ ਡਲਾਸ ਖੇਤਰ ਦੇ ਇਸਲਾਮੀਕਰਨ ਨੂੰ ਲੈ ਕੇ ਬਹੁਤ ਚਿੰਤਤ ਹਨ।' ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਨੇ ਕਿਹਾ ਕਿ ਉਨ੍ਹਾਂ ਦੇ ਚੋਣ ਹਲਕੇ ਦੇ ਲੋਕਾਂ ਨੂੰ 'ਉਨ੍ਹਾਂ ਮਸਜਿਦਾਂ ਬਾਰੇ ਸੁਣਨ ਨੂੰ ਮਿਲ ਰਿਹਾ ਹੈ, ਜੋ ਉਸ ਜ਼ਮੀਨ ਦੇ ਕੋਲ ਬਣ ਰਹੀਆਂ ਹਨ, ਜਿਸ 'ਤੇ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਪਰਿਵਾਰ ਦਾ ਪੀੜ੍ਹੀਆਂ ਤੋਂ ਮਾਲਕਾਨਾ ਹੱਕ ਰਿਹਾ ਹੈ।'

ਉਨ੍ਹਾਂ ਕਿਹਾ, 'ਸਾਡਾ ਪੂਰਾ ਭਾਈਚਾਰਾ ਬਦਲ ਰਿਹਾ ਹੈ। ਤੁਸੀਂ ਆਪਣੇ ਹਲਕੇ ਦੇ ਲੋਕਾਂ ਨੂੰ ਆਪਣੇ ਸਥਾਨਕ ਮਾਲ ਵਿਚ ਜਾਣ ਦੀ ਗੱਲ ਕਰਦੇ ਹੋਏ ਸੁਣਦੇ ਹੋ ਅਤੇ ਜਦੋਂ ਤੁਸੀਂ ਚਾਰੇ ਪਾਸੇ ਦੇਖਦੇ ਹੋ, ਤਾਂ ਅਜਿਹਾ ਲੱਗਦਾ ਹੈ ਕਿ ਤੁਸੀਂ ਡਲਾਸ, ਟੈਕਸਾਸ ਵਿਚ ਨਹੀਂ, ਸਗੋਂ ਪਾਕਿਸਤਾਨ ਵਿਚ ਹੋ। ਇਹ ਇਕ ਸਮੱਸਿਆ ਹੈ।' ਗਿੱਲ ਅਮਰੀਕੀ ਪ੍ਰਤੀਨਿਧੀ ਸਭਾ ਵਿਚ ਟੈਕਸਾਸ ਦੇ 26ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਦੀ ਨੁਮਾਇੰਦਗੀ ਕਰਦੇ ਹਨ। ਗਿੱਲ 2024 ਵਿਚ ਕਾਂਗਰਸ ਲਈ ਚੁਣੇ ਗਏ ਸਨ ਅਤੇ ਉਹ ਪ੍ਰਤੀਨਿਧੀ ਸਭਾ ਦੀ ਨਿਆਂਪਾਲਿਕਾ, ਬਜਟ ਅਤੇ ਨਿਗਰਾਨੀ ਕਮੇਟੀਆਂ ਵਿਚ ਕੰਮ ਕਰ ਰਹੇ ਹਨ।



# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



# ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

## ਸਿਰ.ਫ ਇਕ ਕਾਲ - ਵੱਡੀ ਬੱਚਤ

# 510-706-1300

singhsolarusa@gmail.com

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

**ਸੈਕਰਾਮੈਂਟੋ, ਕੈਲੀਫੋਰਨੀਆ**

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



## (ਫ਼ਿਲਮੀਂ ਸਮੀਖਿਆ)

# ਬੇਬੇ ਮੈਂ ਬਦਮਾਸ਼ ਬਣੂੰਗਾ




ਇੱਕ ਵਾਰ ਮੇਰਾ ਇੱਕ ਮਿੱਤਰ ਇੰਗਲੈਂਡ ਆਇਆ। ਮੇਰਾ ਉਸ ਦੇ ਬਾਪੂ ਜੀ ਨਾਲ ਬਹੁਤ ਪ੍ਰੇਮ ਸੀ। ਬਾਪੂ ਵੀ ਮੈਨੂੰ ਆਪਣੇ ਪੁੱਤਰਾਂ ਨਾਲੋਂ ਵੱਧ ਮੋਹ ਕਰਦਾ ਸੀ। ਜਦ ਉਹ ਮਿੱਤਰ ਇੰਡੀਆ ਨੂੰ ਵਾਪਸ ਜਾਣ ਲੱਗਿਆ ਤਾਂ ਮੈਂ ਉਸ ਦੇ ਹੱਥ ਬਲੈਕ ਲੇਬਲ ਵਿਸਕੀ ਦੀ ਇੱਕ ਲੀਟਰ ਦੀ ਬੋਤਲ ਦੇ ਦਿੱਤੀ, "ਇਹ ਬਾਪੂ ਜੀ ਵਾਸਤੇ ਐ, ਤੇ ਜਾਣ ਸਾਰ ਬਾਪੂ ਦੇ ਹੱਥ ਫੜਾ ਦੇਵੀਂ!" ਉਹ ਮਿੱਤਰ ਬੜਾ ਖੁਸ਼ ਹੋਇਆ ਅਤੇ ਬੋਤਲ ਫੜ ਕੇ ਬੈਗ ਵਿੱਚ ਪਾ ਲਈ। ਉਸ ਦੀ ਖੁਸ਼ੀ ਦਾ ਅੰਦਾਜ਼ਾ ਲਾ ਕੇ ਮੈਂ ਉਸ ਨੂੰ ਫਿਰ ਕਿਹਾ, "ਇਹਨੂੰ ਰਾਹ ਵਿੱਚ ਹੀ ਨਾ ਸੜ੍ਹਾਕ ਜਾਈਂ! ਇਹ ਬੋਤਲ ਬਾਪੂ ਜੀ ਵਾਸਤੇ ਐ!!" ...ਤਾਂ ਉਹ "ਸਮਝ ਗਿਆ ਬਾਈ...!" ਆਖ ਕੇ ਏਅਰਪੋਰਟ ਦੇ ਅੰਦਰ ਤੁਰ ਗਿਆ। ਤੀਜੇ ਦਿਨ ਮਿੱਤਰ ਦਾ ਠੀਕ-ਠਾਕ ਪਹੁੰਚਣ ਦਾ ਫ਼ੋਨ ਆਇਆ, "ਬਾਪੂ ਦੀ ਅਮਾਨਤ ਬਾਪੂ ਨੂੰ ਫ਼ੜਾ ਦਿੱਤੀ ਸੀ?" ਮੈਂ ਬੋਤਲ ਬਾਰੇ ਪੁੱਛਿਆ, ਤਾਂ ਉਹ ਬੜੇ ਮਿਜ਼ਾਜ਼ ਨਾਲ ਵਿਅੰਗਮਈ ਬੋਲਿਆ, "ਉਹ ਤਾਂ ਬਾਈ ਮੈਂ ਜਾਹਜ਼ ਵਿੱਚ ਹੀ ਖਿੱਚਤੀ ਸੀ...। ਨਾਲੇ ਬਾਪੂ ਅੱਗੇ ਕਿਹੜਾ ਬਲੈਕ ਲੇਬਲ ਹੀ ਪੀਂਦਾ ਸੀ? ਮੈਂ ਉਹਨੂੰ ਮੋਟੇ ਸੰਤਰੇ ਦੀ ਬੋਤਲ ਲਿਆ ਕੇ ਦੇ ਦਿੱਤੀ ਸੀ।" ਅਚਾਨਕ ਉਹ ਹੱਡਬੀਤੀ "ਬੇਬੇ ਮੈਂ ਬਦਮਾਸ਼ ਬਣੂੰਗਾ" ਫ਼ਿਲਮ ਦੇਖ ਕੇ ਦੁਬਾਰਾ ਮਹਿਸੂਸ ਕੀਤੀ। ਜਦ ਮੈਂ ਸਿਨੇਮਾਂ ਹਾਲ ਵਿੱਚ ਦਾਖਲ ਹੋਇਆ, ਤਾਂ ਓਥੇ ਵੀਹ-ਪੱਚੀ ਕੁ ਦਰਸ਼ਕ ਸਨ। ਕਰੀਬ ਪੌਣਾਂ ਹਾਲ ਖਾਲੀ ਪਿਆ ਸੀ। ਮੈਂ ਸੋਚਿਆ ਸਾਡੇ ਲੋਕ "ਮੋਟੇ ਸੰਤਰੇ" ਦੇ ਸ਼ੌਕੀਨ ਹਨ, ਭਾਵ ਕੱਚੀ-ਪੱਕੀ ਕੌਮੇਡੀ ਮੂਵੀਆਂ ਦੇ। ਜਿਹੜੇ ਵਾਰ-ਵਾਰ ਸਾਗ ਨਾਲ ਡਬਲਰੋਟੀ ਖਾਈ ਜਾਂਦੇ ਹਨ।

ਇਸ ਫ਼ਿਲਮ ਦਾ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਮੇਰਾ ਪੁਰਾਣਾ ਜਿਗਰੀ ਯਾਰ ਹੈ। ਸਾਡੀ ਯਾਰੀ ਨੂੰ ਤਾਂ ਕੋਈ ਕਬਾੜੀਆ ਵੀ ਚੁੱਕਣ ਲਈ ਤਿਆਰ ਨਹੀਂ। ਇਸ ਲਈ ਇਹ ਗੱਲ ਸਭ ਤੋਂ ਪਹਿਲਾਂ ਕਹਾਂਗਾ ਕਿ ਹਰ ਬੰਦੇ ਦੀ ਆਪਣੀ-ਆਪਣੀ ਪਸੰਦ ਹੈ। ਹੋ ਸਕਦਾ ਹੈ ਕਿਸੇ ਮਿੱਤਰ ਨੂੰ ਇਹ ਫ਼ਿਲਮ ਨਾ ਪਸੰਦ ਆਈ ਹੋਵੇ। ਪਰ ਇਸ ਫ਼ਿਲਮ ਵਿੱਚ ਕਮਾਲ ਦੇ ਕਟਾਕਸ਼ ਕੀਤੇ ਹੋਏ ਹਨ ਅਤੇ ਭ੍ਰਿਸ਼ਟ ਸਿਸਟਮ ਉੱਪਰ ਮਿਰਜ਼ੇ ਦੀਆਂ ਕਾਨੀਆਂ ਵਰ੍ਹਾਈਆਂ ਗਈਆਂ ਹਨ। ਕਿਤੇ-ਕਿਤੇ ਜੱਟ ਦੀ ਕੁਤਕੁਤੀ ਵਾਲੀ ਸਲੰਘ ਵੱਖੀ ਵਿੱਚ ਦੀ ਕੱਢੀ ਹੋਈ ਹੈ। ਇੱਥੇ ਮੈਂ ਫ਼ਿਲਮ ਦੀ ਕਹਾਣੀ ਦਾ ਜ਼ਿਕਰ ਨਹੀਂ ਕਰਾਂਗਾ, ਪਰ ਇਤਨੀ ਗੱਲ ਦਾਅਵੇ ਨਾਲ ਕਹਾਂਗਾ, ਕਿ ਜੇ ਆਪਣੇ ਲੋਕ ਨਾਮ ਉੱਪਰ ਨਾ ਜਾ ਕੇ, ਇਸ ਦੇ ਵਿਸ਼ੇ ਅਤੇ ਫ਼ਿਲਮ ਬਣਾਉਣ ਦੇ ਮਕਸਦ ਉੱਪਰ ਆਪਣਾ ਧਿਆਨ ਇਕਾਗਰ ਕਰਨ, ਤਾਂ ਇਹ ਫ਼ਿਲਮ ਕਿਸੇ ਵੱਡੇ ਇਨਾਮ ਦੀ ਹੱਕਦਾਰ ਹੋਵੇਗੀ। ਇਸ ਫ਼ਿਲਮ ਵਿੱਚ ਮੈਨੂੰ ਇੱਕ ਵੀ ਸੀਨ ਵਾਧੂ ਜਾਂ ਫ਼ਾਲਤੂ ਨਜ਼ਰ ਨਹੀਂ ਆਇਆ ਅਤੇ ਹਰ ਕਲਾਕਾਰ ਨੇ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਆਪਣੇ ਕਿਰਦਾਰ ਨੂੰ ਬਾਖ਼ੂਬੀ ਨਿਭਾਇਆ।

ਕਿਸੇ ਨੂੰ ਮਾਂਹ ਬਾਦੀ ਅਤੇ ਕਿਸੇ ਨੂੰ ਮਾਫ਼ਕ ਹੁੰਦੇ ਨੇ। ਜ਼ਰੂਰੀ ਨਹੀਂ ਕਿ ਜੋ ਫ਼ਿਲਮ ਮੈਨੂੰ ਪਸੰਦ ਹੈ, ਉਹ ਹਰ ਇੱਕ ਨੂੰ ਹੀ ਪਸੰਦ ਆਵੇਗੀ। ਜਦ ਕੈਨੇਡਾ ਵੱਸਦੇ ਮੇਰੇ ਦੋਸਤ ਗੁਰਪ੍ਰੀਤ ਸਿੰਘ ਨੇ "ਬੇਬੇ ਮੈਂ ਤਾਂ ਸੰਤ ਬਣੂੰਗਾ" ਗੀਤ ਗਾਇਆ, ਤਾਂ ਸਾਧ ਲਾਣਾ ਬੜਾ ਟੱਪਿਆ ਸੀ। ਪਰ ਉਸ ਦਾ ਉਦੇਸ਼ ਕਿਸੇ ਨੂੰ 'ਸੰਤ' ਬਣਾਉਣਾ ਨਹੀਂ ਸੀ ਅਤੇ ਨਾ ਹੀ ਉਸ ਗੀਤ ਕਾਰਨ ਅੱਜ ਤੱਕ ਕੋਈ ਸੰਤ ਬਣਿਆਂ। ਉਸ ਦਾ ਮਕਸਦ ਤਾਂ ਉਹਨਾਂ ਦੇ ਕਾਰਿਆਂ ਉੱਪਰ ਚੋਟ ਕਰਨ ਦਾ ਸੀ।

ਉਹੀ ਹਾਲ ਇਸ ਫ਼ਿਲਮ ਦੇ ਨਾਮ ਤੋਂ ਕਈ ਲੋਕਾਂ ਦਾ ਹੋਇਆ ਹੈ। ਇਸ ਫ਼ਿਲਮ ਵਿੱਚ ਲੇਖਕ ਅਤੇ ਡਾਇਰੈਕਟਰ ਸੁਖਮਿੰਦਰ ਧੰਜਲ ਦਾ ਮਕਸਦ ਉਹਨਾਂ ਕਾਲੇ ਕਾਰਨਾਮਿਆਂ ਤੋਂ ਪਰਦਾ ਚੁੱਕਣਾ ਸੀ, ਜੋ ਸਾਡੇ ਸਮਾਜ ਵਿੱਚ ਕੋਹੜ ਵਾਂਗ ਫ਼ੈਲ ਚੁੱਕੇ ਹਨ। ਜੇ ਕਿਸੇ ਦੇ ਕਹਿਣ 'ਤੇ ਕੋਈ ਸਾਧ, ਜਾਂ ਬਦਮਾਸ਼ ਬਣਦਾ ਹੁੰਦਾ ਤਾਂ ਅੱਜ ਦੁਨੀਆਂ ਦਾ ਮੂੰਹ-ਮੁਹਾਂਦਰਾ ਹੀ ਕੁਝ ਹੋਰ ਹੋਣਾ ਸੀ। ਸਿਆਣੇ ਆਖਦੇ ਹਨ ਕਿ ਜੇ ਕਿਸੇ 'ਸਿਆਣੇ' ਦੇ ਹੱਥ ਜ਼ਹਿਰ ਵੀ ਆ ਜਾਵੇ, ਤਾਂ ਉਹ ਜ਼ਹਿਰ ਨੂੰ 'ਮਾਰ ਕੇ' ਔਸ਼ਧੀ ਬਣਾ ਕੇ ਸੌ ਰੋਗੀ ਨੂੰ ਤੰਦਰੁਸਤ ਕਰ ਦਿੰਦਾ ਹੈ। ਪਰ ਜੇ ਕਿਸੇ ਮੂਰਖ ਦੇ ਹੱਥ ਸ਼ਹਿਦ ਵੀ ਲੱਗ ਜਾਵੇ, ਤਾਂ ਉਹ ਕਿਸੇ ਨੂੰ ਅੰਨ੍ਹੇਵਾਹ ਪਿਆ ਕੇ 'ਮੋਕ' ਵੀ ਲਾ ਦਿੰਦਾ ਹੈ। ਮੇਰਾ ਕਹਿਣ ਦਾ ਮਤਲਬ ਸਾਨੂੰ ਹਰ ਵਿਸ਼ੇ ਵਿੱਚੋਂ ਕੰਮ ਦੀਆਂ ਗੱਲਾਂ ਚੁਣਨੀਆਂ ਅਤੇ ਗ੍ਰਹਿਣ ਕਰਨੀਆਂ ਚਾਹੀਦੀਆਂ ਹਨ। ਅਸੀਂ ਵਾਰ-ਵਾਰ ਦੁਹਾਈ ਦਿੰਦੇ ਹਾਂ, ਕਿ ਜੀ ਚੰਗੀਆਂ ਫ਼ਿਲਮਾਂ ਨਹੀਂ ਬਣਦੀਆਂ...ਸਾਨੂੰ 'ਚੀਪ ਕੌਮੇਡੀ' ਪਰੋਸੀ ਜਾ ਰਹੀ ਹੈ... ਅਤੇ ਪੰਜਾਬੀ ਸਿਨੇਮਾਂ ਨਿਘਾਰ ਵੱਲ ਧੱਕਿਆ ਜਾ ਰਿਹਾ ਹੈ...। ਪਰ ਜੇ ਕੋਈ ਲੇਖਕ ਅਤੇ ਡਾਇਰੈਕਟਰ ਕੋਈ ਨਵਾਂ ਵਿਸ਼ਾ ਲੈ ਕੇ ਫ਼ਿਲਮ ਬਣਾਉਂਦਾ ਹੈ, ਤਾਂ ਅਸੀਂ ਉਸ ਉੱਪਰ ਵੀ ਨੱਕ-ਬੁੱਲ੍ਹ ਮਾਰਦੇ ਹਾਂ। ਫਿਰ ਪੰਜਾਬੀ ਸਿਨੇਮੇਂ ਦੇ ਭਵਿੱਖ ਪ੍ਰਤੀ ਅਸੀਂ ਦੱਸੋ ਕਿੰਨੇ ਕੁ ਸੰਜੀਦਾ ਹਾਂ?

ਮੈਂ ਖੁਦ ਇੱਕ ਨਾਵਲਕਾਰ ਹੋਣ ਦੇ ਨਾਤੇ ਇਹ ਗੱਲ ਦਾਅਵੇ ਅਤੇ ਨਿੱਜੀ ਤਜ਼ਰਬੇ ਤੋਂ ਕਹਾਂਗਾ, ਕਿ ਇਸ ਭ੍ਰਿਸ਼ਟ ਸਿਸਟਮ ਅਤੇ ਸਮੇਂ-ਸਮੇਂ ਦੇ ਹਾਕਮਾਂ ਦੇ ਖ਼ਿਲਾਫ਼ ਲਿਖਣਾ, ਜਾਂ ਫ਼ਿਲਮ ਬਣਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ, ਸ਼ੇਰ ਦੀ ਅਸਵਾਰੀ ਕਰਨ ਦੇ ਬਰਾਬਰ ਹੈ। ਇਸ ਲਈ ਸਾਨੂੰ ਫ਼ਿਲਮ ਦੇ ਲੇਖਕ, ਡਾਇਰੈਕਟਰ ਅਤੇ ਪ੍ਰੋਡਿਊਸਰ ਦੇ ਪੱਖ ਵਿੱਚ ਖੜ੍ਹਨਾ ਅਤੇ ਬਣਦਾ ਸਹਿਯੋਗ ਦੇਣਾ ਬਣਦਾ ਹੈ। ਸਮਾਜਿਕ ਮਸਲਿਆਂ ਦੀ ਗੱਲ ਕਰਨ ਵਾਲੇ ਹਿੰਮਤੀ ਬੰਦਿਆਂ ਦੇ ਗਿੱਟੇ 'ਤੇ ਸੋਟੀ ਮਾਰਨਾ ਸਾਡੇ ਲਈ ਕੋਈ

ਸ਼ੋਭਾ ਵਾਲੀ ਗੱਲ ਨਹੀਂ ਹੋਵੇਗੀ। ਅੰਤ ਵਿੱਚ ਮੈਂ ਸਾਡੇ ਮਿੱਤਰ ਸੁਖਮਿੰਦਰ ਧੰਜਲ ਅਤੇ ਉਸ ਦੀ ਸਮੁੱਚੀ ਟੀਮ ਨੂੰ ਇਸ ਉਸਾਰੂ ਵਿਸ਼ੇ ਉੱਪਰ ਬਣਾਈ ਫ਼ਿਲਮ ਲਈ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਦਰਸ਼ਕਾਂ ਨੂੰ "ਬੇਬੇ ਮੈਂ ਬਦਮਾਸ਼ ਬਣੂੰਗਾ" ਫ਼ਿਲਮ ਦੇਖਣ ਦੀ ਪੁਰਜ਼ੋਰ ਅਪੀਲ ਕਰੂੰਗਾ।



ਸ਼ਿਵਚਰਨ ਜੱਗੀ ਕੁੱਸਾ
+44 7853317891

# ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ॥

ਮਿਲਾਨ
ਸਰਬਜੀਤ ਸਿੰਘ

"ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵਲੋਂ ਐਤਵਾਰ ਨੂੰ ਤਿਲਕ ਜੰਞੂ ਦੇ ਰਾਖੇ, ਸਮੁੱਚੀ ਮਾਨਵਤਾ ਦੀ ਚਾਦਰ, ਨੌਵੇਂ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ ਨੂੰ ਅਤੇ ਗੁਰੂ ਸਾਹਿਬ ਜੀ ਦੇ ਨਾਲ ਸ਼ਹੀਦ ਹੋਏ ਸਿੰਘਾਂ ਸ਼ਹੀਦਾਂ ਨੂੰ ਸਮਰਪਿਤ ਲਾਈਵ ਕਵੀ ਦਰਬਾਰ ਕਰਵਾਇਆ ਗਿਆ।

ਇਸ ਕਵੀ ਦਰਬਾਰ ਵਿੱਚ ਪੰਜਾਬ, ਦਿੱਲੀ, ਬੰਬੇ, ਹਰਿਆਣਾ, ਯੂਰਪ ਅਤੇ ਇੰਗਲੈਂਡ ਤੋਂ ਤਕਰੀਬਨ 15 ਕਵੀ ਕਵਿਤ੍ਰੀਆਂ ਨੇ ਭਾਗ ਲਿਆ। ਸਭ ਨੇ ਆਪਣੇ ਆਪਣੇ ਅੰਦਾਜ਼ ਵਿੱਚ ਧਾਰਮਿਕ ਗੀਤ ਜਾਂ ਕਵਿਤਾਵਾਂ ਗਾਇਨ ਕਰਦੇ ਹੋਏ ਗੁਰੂ ਸਾਹਿਬ ਜੀ ਤੇ ਸ਼ਹੀਦ ਸਿੰਘਾਂ ਨੂੰ ਸਿਜਦਾ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪ੍ਰਸਿੱਧ ਨਾਵਲਕਾਰ ਤੇ ਮੰਚ ਪ੍ਰਧਾਨ ਬਿੰਦਰ ਕੋਲੀਆਂ ਵਾਲ ਜੀ ਨੇ ਸਭ ਨੂੰ ਜੀ ਆਇਆਂ ਆਖਿਆ ਤੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪ੍ਰਸਿੱਧ ਪੇਸ਼ਕਾਰ/ਗ਼ਜ਼ਲਗੋ ਮੁਖਤਾਰ ਸਿੰਘ ਚੰਦੀ ਨੂੰ ਸੰਭਾਲਣ ਲਈ ਬੇਨਤੀ ਕੀਤੀ।

ਮੁਖਤਾਰ ਸਿੰਘ ਚੰਦੀ ਜੀ ਨੇ ਪਹਿਲਾਂ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ੇਅਰ ਅਰਜ਼ ਕੀਤਾ ਤੇ ਮੰਚ ਤੇ ਸਭ ਤੋਂ ਪਹਿਲਾਂ ਸੱਦਾ ਪ੍ਰਸਿੱਧ ਗ਼ਜ਼ਲਗੋ ਗੁਰਚਰਨ ਸਿੰਘ ਜੋਗੀ ਜੀ ਹਰਿਆਣਾ ਨੂੰ ਦਿੱਤਾ। ਜਿਨ੍ਹਾਂ ਨੇ "ਇਸ ਤੋਂ ਵੱਡੀ ਸੁਣੀ ਨਾ ਦੇਖੀ, ਇਹ ਜੋ ਸੀ ਕੁਰਬਾਨੀ" ਧਾਰਮਿਕ ਗਜ਼ਲ ਗਾ ਕੇ ਪ੍ਰੋਗਰਾਮ ਦੀ ਸੋਹਣੀ ਸ਼ੁਰੂਆਤ ਕੀਤੀ।

ਦੂਜੇ ਸੱਦੇ ਤੇ ਕੁਲਦੀਪ ਦਰਾਜਕੇ, ਪੰਜਾਬ ਤੋਂ ਜਿਹਨਾਂ ਨੇ "ਮਾਂ ਨਾਨਕੀ ਦੀ ਕੁੱਖ ਸੁਲੱਖਣੀ ਤੋਂ" ਕਵਿਤਾ ਗਾ ਕੇ ਸੁਣਾਈ। ਤੀਸਰਾ ਸੱਦਾ ਨਛੱਤਰ ਸਿੰਘ ਭੋਗਲ ਨੂੰ ਦਿੱਤਾ ਤੇ ਉਹਨਾਂ "ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ" ਕਵਿਤਾ ਵਿੱਚ ਗੁਰੂ ਸਾਹਿਬ ਜੀ ਦੀ ਮਹਾਨ ਸ਼ਖ਼ਸੀਅਤ ਤੇ ਮਹਾਨ ਕੁਰਬਾਨੀ ਦਾ ਇਤਿਹਾਸ ਸਾਂਝਾ ਕੀਤਾ। ਚੌਥੇ ਸੱਦੇ ਉੱਤੇ ਚੰਦੀ ਸਾਹਿਬ ਜੀ ਨੇ ਇੰਦਰਜੀਤ ਕੌਰ ਵਡਾਲਾ ਪੰਜਾਬ ਹੋਰਾਂ ਨੂੰ ਮੰਚ ਤੇ ਬੁਲਾਇਆ। ਉਨਾਂ ਨੇ "ਚਾਂਦਨੀ ਚੌਕ ਦੇ ਸ਼ਹੀਦਾਂ ਨੂੰ ਸਮਰਪਿਤ" ਗਾ ਕੇ ਸਮੂਹ ਸ਼ਹੀਦਾਂ ਨੂੰ ਸਿਜਦਾ ਕੀਤਾ।



ਅਗਲੇ ਸੱਦੇ ਤੇ ਪ੍ਰਗਟ ਸਿੰਘ ਗਿੱਲ ਬਾਗੀ ਪੰਜਾਬ ਨੂੰ ਬੁਲਾਇਆ ਗਿਆ ਜਿਹਨਾਂ ਨੇ "ਸਿਦਕ ਦੀ ਜਿੱਤ" ਕਵਿਤਾ ਪੇਸ਼ ਕੀਤੀ। ਅਗਲੇ ਸੱਦੇ ਤੇ ਦਿੱਲੀ ਤੋਂ ਪ੍ਰੀਤਮ ਕੌਰ ਨੇ ਛੰਦ ਕੋਰੜਾ ਵਿੱਚ "ਨੌਵੇਂ ਪਾਤਸ਼ਾਹ ਬਣੇ ਧਰਮ ਦੀ ਢਾਲ ਜੀ" ਕਵਿਤਾ ਪੇਸ਼ ਕੀਤੀ, ਹਾਲਾਂਕਿ ਉਹਨਾਂ ਦੀ ਤਬੀਅਤ ਠੀਕ ਨਾ ਹੋਣ ਕਰਕੇ ਗਲਾ ਖਰਾਬੀ ਕਰ ਰਿਹਾ ਸੀ ਪਰ ਉਨਾਂ ਗੁਰੂ ਸਾਹਿਬ ਜੀ ਨੂੰ ਹਰ ਹਾਲ ਵਿੱਚ ਸਿਜਦਾ ਕਰਕੇ ਹਾਜ਼ਰੀ ਲਗਵਾ ਰਹੇ ਸਨ।

ਉਸ ਤੋਂ ਅਗਲੇ ਸੱਦੇ ਤੇ ਪ੍ਰਸਿੱਧ ਢਾਡੀ ਕਵੀਸ਼ਰ ਸਰਦਾਰ ਜਸਵਿੰਦਰ ਸਿੰਘ ਢਿੱਲੋਂ ਜੀ ਨੇ ਦਵੱਈਆਂ, ਦੋ ਤਾਰਾ ਛੰਦ ਵਿੱਚ ਕਵਿਤਾ " ਪੰਡਿਤ ਕਿਰਪਾ ਰਾਮ ਜੀ" ਪੇਸ਼ ਕਰਕੇ ਸਭ ਨੂੰ ਢਾਡੀ ਰੰਗ ਵਿੱਚ ਰੰਗ ਦਿੱਤਾ। ਅਗਲੀ ਪੇਸ਼ਕਾਰੀ ਵਿੱਚ ਨਿਰਮਲ ਸਿੰਘ ਸਿੱਧਵਾਂ, ਪੰਜਾਬ ਤੋਂ "ਦੁਨੀਆਂ ਵਿੱਚ ਨਹੀਂ ਜਿਸ ਦਾ ਕੋਈ ਸਾਨੀ" ਡਾਕਟਰ ਹਰੀ ਸਿੰਘ ਜਾਚਕ ਦੀ ਕਲਮ ਤੋਂ ਲਿਖੀ ਕਵਿਤਾ ਤਰੰਨਮ ਵਿੱਚ ਪੇਸ਼ ਕੀਤੀ।

ਮੰਚ ਤੇ ਹਾਜ਼ਰ ਸਾਰੇ ਮੈਂਬਰਾਂ ਵਲੋਂ ਨਿਰਮਲ ਦੀ ਅਵਾਜ਼ ਦੇ ਨਾਲ ਨਾਲ ਜਾਚਕ ਦੀ ਕਲਮ ਨੂੰ ਵੀ ਸਲਾਹਿਆ ਗਿਆ। ਅਗਲੇ ਸੱਦੇ ਤੇ ਬੰਬੇ ਤੋਂ ਢਾਡੀ ਕਵੀਸ਼ਰ ਪਰਵਿੰਦਰ ਸਿੰਘ ਹੇਅਰ ਨੇ "ਬਣੀ ਹਿੰਦ ਦੀ ਚਾਦਰ ਦਾਤਾਰ ਸਤਿਗੁਰ" ਗਜ਼ਲ ਗਾ ਕੇ ਗੁਰੂ ਸਾਹਿਬ ਜੀ ਦੇ ਇਤਿਹਾਸ ਨੂੰ ਸਿਜਦਾ ਕੀਤਾ। ਉਸ ਤੋਂ ਅਗਲੇ ਸੱਦੇ ਤੇ ਚੰਦੀ ਜੀ ਨੇ ਗੁਰਮੀਤ ਸਿੰਘ ਮੱਲ੍ਹੀ ਇਟਲੀ ਵਾਸੀ ਨੂੰ ਸੱਦਾ ਦਿੱਤਾ ਤੇ ਉਨ੍ਹਾਂ ਨੇ ਆਪਣਾ ਗੀਤ " ਧੰਨ ਗੁਰੂ ਤੇਗ਼ ਬਹਾਦਰ, ਹਿੰਦ ਦੀ ਚਾਦਰ" ਗਾ ਕੇ ਸੁਣਾਇਆ। ਅਗਲੀ ਪੇਸ਼ਕਾਰੀ ਲਈ ਚੰਦੀ ਸਾਹਿਬ ਜੀ ਨੇ ਕਰਮਜੀਤ ਕੌਰ ਰਾਣਾ, ਇਟਲੀ ਨੂੰ ਸੱਦਾ ਦਿੱਤਾ, ਜਿਹਨਾਂ ਨੇ "ਮਾਤਾ ਨਾਨਕੀ ਜੀ ਦੀ ਕੁੱਖ ਨੂੰ ਭਾਗ ਲਾਏ" ਕਵਿਤਾ ਪੜ੍ਹ ਕੇ ਆਪਣੀ ਹਾਜ਼ਰੀ ਲਗਵਾਈ। ਉਸ ਤੋਂ ਬਾਅਦ ਸਰਬਜੀਤ ਸਿੰਘ ਜਰਮਨੀ ਨੇ ਆਪਣਾ ਗੀਤ "ਹੋਵੇ ਜੇ ਪ੍ਰੀਤ ਬਾਣੀ ਨਾਲ, ਉਹੋ ਕਦੇ ਨਾ ਡੋਲਦੇ" ਗਾ ਕੇ ਆਪਣੀ ਹਾਜ਼ਰੀ ਲਗਵਾਈ। ਅਗਲੇ ਸੱਦੇ ਤੇ ਮੰਗਤ ਖਾਨ ਪਟਿਆਲੇ ਤੋਂ ਜਿਹਨਾਂ ਨੇ ਤਰਲੋਚਨ ਸਿੰਘ ਦੀਵਾਨਾ ਦਾ ਲਿਖਿਆ ਗੀਤ "ਸੀਸ ਕੋਈ ਲੈ ਗਿਆ, ਧੜ ਕੋਈ ਲੈ ਗਿਆ" ਬਹੁਤ ਹੀ ਵਧੀਆ ਪੇਸ਼ਕਾਰੀ ਕਰਕੇ ਸੁਣਾਇਆ ਤੇ ਸਭ ਨੂੰ ਭਾਵੁਕ ਕਰ ਦਿੱਤਾ। ਬਾਅਦ ਵਿੱਚ ਮੰਚ ਪ੍ਰਧਾਨ ਬਿੰਦਰ ਕੋਲੀਆਂ ਵਾਲ ਨੇ ਪਹਿਲੀ ਵਾਰ ਕਵੀਸ਼ਰੀ ਰੰਗ ਵਿੱਚ "ਗੁਰੂ ਨਾਨਕ ਦਾ ਰੂਪ ਹੈ, ਨੌਵੀਂ ਜਗਦੀ ਜੋਤ ਨਿਆਰੀ" ਗੀਤ ਬਹੁਤ ਵਧੀਆ ਪੇਸ਼ਕਾਰੀ ਕਰਕੇ ਸੁਣਾਇਆ। ਮੰਚ ਸੰਚਾਲਨ ਕਰਨ ਦੇ ਨਾਲ ਨਾਲ ਮੁਖਤਾਰ ਸਿੰਘ ਚੰਦੀ ਨੇ ਪਹਿਲਾ ਬਹੁਤ ਹੀ ਪਿਆਰਾ ਸ਼ੇਅਰ ਅਰਜ਼ ਕੀਤਾ ...

ਸਿਰ ਦੇ ਕੇ ਧਰਮ ਦੀ ਆਨ ਰੱਖੀ,
ਤੇਰੀ ਮਾਂਗ ਦੇ ਸੂਹੇ ਸੰਦੂਰ ਗੁਜਰੀ।
ਹਿੰਦੂ ਧਰਮ ਦੀ ਜਾਨ ਵਿੱਚ ਜਾਨ ਰੱਖੀ,
ਆਪ ਅੱਲਹਾ ਦੇ ਨੂਰ-ਦੇ ਨੂਰ ਗੁਜਰੀ।
ਤਿਲਕ ਜੰਜੂ ਦੀ ਕਾਇਮ ਪਛਾਣ ਰੱਖੀ,
ਤੇਰੀ ਮਾਂਗ ਦੇ ਸੂਹੇ ਸੰਧੂਰ ਗੁਜਰੀ।

ਫੇਰ ਚੰਦੀ ਨੇ "ਤੇਗ਼ ਬਹਾਦਰ ਹਿੰਦ ਦੀ ਚਾਦਰ, ਕਰ ਵੱਡਾ ਉਪਕਾਰ ਗਏ" ਗੀਤ ਬਹੁਤ ਪਿਆਰੀ ਅਵਾਜ਼ ਵਿੱਚ ਗਾ ਕੇ ਸਭ ਦਾ ਮਨ ਮੋਹ ਲਿਆ। ਪ੍ਰੋਗਰਾਮ ਦੇ ਅਖੀਰ ਵਿੱਚ ਗੁਰਮੀਤ ਸਿੰਘ ਮੱਲ੍ਹੀ, ਇਟਲੀ ਹੋਰਾਂ ਨੇ ਧਾਰਮਿਕ ਕਵੀ ਦਰਬਾਰ ਵਿੱਚ ਹਾਜ਼ਰੀ ਭਰ ਰਹੇ ਸਾਰੇ ਸਾਥੀਆਂ ਦਾ ਪਿਆਰ ਸਤਿਕਾਰ ਸਹਿਤ ਧੰਨਵਾਦ ਕੀਤਾ।





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

*Where Hope Meets*

# IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

**WE CAN HELP YOU WORK AND SETTLE IN COUNTRIES WORLDWIDE ALSO**

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630**

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ

WE HAVE THE CHEAPEST FARES TO INDIA

# LEGEND TRAVEL

arc accredited agency
CST # 207524-40

Special Fares To India From West-coast (us) On Air India Direct Flights



JATINDER SINGH




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA

## ਹਿੰਦੀ ਵਿਅੰਗ

# ਅਤਰੰਗੀ ਔਰਤਾਂ ਦਾ ਸਤਰੰਗੀ ਸੂਚਨਾ ਪ੍ਰਸਾਰਣ ਕੇਂਦਰ



ਅਤਰੰਗੀ ਔਰਤਾਂ ਦੀ ਵੀ ਆਪਣੀ ਵਿਲੱਖਣ ਦੁਨੀਆਂ ਹੁੰਦੀ ਹੈ। ਇਨ੍ਹਾਂ ਨੂੰ ਸਹੁਰੇ, ਜੇਠ, ਦਿਓਰ ਜਾਂ ਨਣਦੋਈਏ ਵਿਰੁੱਧ ਕਦੇ ਕੋਈ ਸ਼ਿਕਾਇਤ ਨਹੀਂ ਹੁੰਦੀ, ਸ਼ਿਕਾਇਤ ਹੁੰਦੀ ਹੈ ਤਾਂ ਸਿਰਫ਼ ਔਰਤ ਜ਼ਾਤ ਨਾਲ!

ਵਿਚਾਰੀ ਜਦੋਂ ਨੂੰਹ ਬਣਦੀ ਹੈ, ਤਾਂ ਚੰਗੀ ਸੱਸ ਨਹੀਂ ਮਿਲਦੀ; ਜਦੋਂ ਸੱਸ ਬਣਦੀ ਹੈ, ਤਾਂ ਚੰਗੀ ਨੂੰਹ ਨਹੀਂ ਮਿਲਦੀ। ਜੇ ਉਹ ਨਨਾਣ ਬਣ ਜਾਂਦੀ ਹੈ, ਤਾਂ ਆਦਰਸ਼ ਭਾਬੀ ਦੁਰਲੱਭ ਅਤੇ ਜੇ ਉਹ ਭਾਬੀ ਬਣ ਜਾਂਦੀ ਹੈ, ਤਾਂ ਉਸਨੂੰ ਇੱਕ ਸੁਯੋਗ ਨਨਾਣ ਦਾ ਸੁਭਾਗ ਨਹੀਂ ਮਿਲਦਾ। ਭੂਮਿਕਾ ਬਦਲ ਜਾਂਦੀ ਹੈ, ਪਰ ਸ਼ਿਕਾਇਤ ਸਥਿਰ ਰਹਿੰਦੀ ਹੈ।

ਅਤਰੰਗੀ ਔਰਤਾਂ ਸੱਚਮੁੱਚ ਬਹੁਤ ਭੋਲੀਆਂ ਹੁੰਦੀਆਂ ਹਨ। ਇੰਨੀਆਂ ਭੋਲੀਆਂ ਕਿ ਜੇ ਕੋਈ ਬਾਬਾ ਜੀ ਕਹਿ ਦੇਣ, "ਧੀਏ, ਤੇਰੇ ਦੁਖਾਂ ਦਾ ਕਾਰਨ ਸ਼ਨੀ ਨਹੀਂ, ਤੇਰੀ ਸੱਸ ਹੈ।" ਤਾਂ ਅਗਲੇ ਹੀ ਦਿਨ ਆਪਣੀ ਸੱਸ ਦੇ ਦਰਵਾਜ਼ੇ 'ਤੇ ਲਾਲ ਧਾਗਾ ਬੰਨ੍ਹ ਕੇ ਨਿੰਬੂ-ਮਿਰਚ ਦਾ ਝੂਮਰ ਲਟਕਾ ਦੇਣ!

ਇਨ੍ਹਾਂ ਦੀ ਦੁਨੀਆਂ ਵਿੱਚ ਨੂੰਹ 'ਤੇ ਸ਼ੱਕ, ਸੱਸ 'ਤੇ ਅਵਿਸ਼ਵਾਸ, ਪਰ ਬਾਬਿਆਂ-ਮੌਲਾਣਿਆਂ 'ਤੇ ਪੂਰਾ ਭਰੋਸਾ – ਜੋ 'ਪਾਪ ਅਤੇ ਦੁਖ ਦੂਰ ਕਰਨ' ਦੇ ਨਾਂ 'ਤੇ ਪਰਸ ਵਿੱਚੋਂ ਪੈਸੇ ਦੂਰ ਕਰ ਦਿੰਦੇ ਹਨ।

ਅਤਰੰਗੀ ਔਰਤਾਂ ਭਾਵੇਂ ਚਾਰਦੀਵਾਰੀ ਦੇ ਅੰਦਰ ਹੀ ਸੀਮਤ ਰਹਿਣ, ਪਰ ਉਨ੍ਹਾਂ ਦਾ ਸੂਚਨਾ ਨੈੱਟਵਰਕ ਦੁਨੀਆਂ ਦੀਆਂ ਸਭ ਤੋਂ ਸ਼ਕਤੀਸ਼ਾਲੀ ਏਜੰਸੀਆਂ ਨੂੰ ਚੁਣੌਤੀ ਦੇ ਸਕਦਾ ਹੈ – ਮੋਸਾਦ ਅਤੇ ਨਾਰਦ ਮੁਨੀ ਦੇ ਸੂਚਨਾ ਨੈੱਟਵਰਕ ਨਾਲੋਂ ਵੀ ਬਹੁਤ ਤੇਜ਼।

ਉਹ ਰੋਟੀ ਭਾਵੇਂ ਕੁਝ ਘੱਟ ਫੁਲਾਉਣ, ਪਰ ਖ਼ਬਰਾਂ ਇੰਨੀਆਂ ਫੁਲਾ ਦਿੰਦੀਆਂ ਹਨ ਕਿ ਪੂਰਾ ਮੁਹੱਲਾ ਅਫਵਾਹਾਂ ਨਾਲ ਤਪਿਆ ਰਹਿੰਦਾ ਹੈ। ਖਾਣੇ ਵਿੱਚ ਨਮਕ-ਮਿਰਚ ਪਾਉਣਾ ਭੁੱਲ ਸਕਦੀਆਂ ਹਨ, ਪਰ ਗੱਲਾਂ ਵਿੱਚ ਨਮਕ-ਮਿਰਚ ਲਾਉਣਾ ਕਦੇ ਨਹੀਂ ਭੁੱਲਦੀਆਂ। ਕੀਹਦੇ ਘਰੇ ਕੌਣ ਆਇਆ, ਕੌਣ ਗਿਆ, ਕੀਹਦੀ ਬਿਜਲੀ ਕੱਟੀ, ਕਿਸਦੀ ਟਿਕਟ ਕੱਟੀ, ਕੀਹਨੇ ਕਿਸ ਨਾਲ ਕਿੰਨੀ ਦੇਰ ਤੱਕ ਫ਼ੋਨ 'ਤੇ ਗੱਲਬਾਤ ਕੀਤੀ, ਕੀਹਦਾ ਕਿਸ ਨਾਲ ਟਾਂਕਾ ਫਿਟ ਹੋਇਆ – ਇਹ ਸਾਰੀਆਂ 'ਲਾਈਵ ਅਪਡੇਟਸ' ਇਨ੍ਹਾਂ ਦੇ ਲਗਭਗ 1250 ਗ੍ਰਾਮ ਦਿਮਾਗ ਵਿੱਚ ਸੁਰੱਖਿਅਤ ਰਹਿੰਦੀਆਂ ਹਨ, ਬਿਨਾਂ ਮੋਬਾਈਲ ਡੇਟਾ ਅਤੇ ਫ਼ਾਈਵ ਜੀ ਨੈੱਟਵਰਕ ਦੇ। ਅਤਰੰਗੀ ਔਰਤਾਂ ਦੀ ਨੈੱਟਵਰਕ ਕਨੈਕਟਿਵਿਟੀ ਇੰਨੀ ਮਜ਼ਬੂਤ ਹੁੰਦੀ ਹੈ ਕਿ ਰੇਲ, ਬੱਸ, ਸਤਸੰਗ, ਸ਼ਾਪਿੰਗ ਮਾਲ, ਮੰਦਰ – ਹਰ ਥਾਂ ਆਪਣੇ ਵਰਗੀ ਕਿਸੇ ਮਾਸੂਮ ਅਤਰੰਗੀ ਔਰਤ ਨੂੰ ਲੱਭ ਹੀ ਲੈਂਦੀਆਂ ਹਨ।

ਇਨ੍ਹਾਂ ਲਈ ਮੰਦਰ ਜਾਂ ਧਾਰਮਿਕ ਸਤਸੰਗ ਸਿਰਫ਼ ਆਸਥਾ ਕੇਂਦਰ ਨਹੀਂ ਹਨ, ਪੂਰੇ ਇਲਾਕੇ ਦੀ ਸੂਚਨਾ-ਏਜੰਸੀ ਹੁੰਦੇ ਹਨ – ਜਿੱਥੇ ਤਿਲਕ ਨਾਲੋਂ ਵੱਧ 'ਟਿੱਪਣੀਆਂ' ਲੱਗਦੀਆਂ ਹਨ। ਮੂੰਹ ਵਿੱਚ ਬੇਸ਼ੱਕ "ਬਾਲ ਕਾਂਡ" ਅਤੇ "ਸੁੰਦਰ ਕਾਂਡ" ਹੋਵੇ, ਪਰ ਮਨ ਵਿੱਚ ਸੰਪੂਰਨ 'ਮੁਹੱਲਾ ਕਾਂਡ' ਵੱਸਿਆ ਹੁੰਦਾ ਹੈ।

ਧਾਰਮਿਕ ਸਤਸੰਗਾਂ ਵਿੱਚ ਸਟੇਜ 'ਤੇ ਕਥਾਵਾਚਕ ਦਾ ਪ੍ਰਵਚਨ ਸ਼ੁਰੂ ਵੀ ਨਹੀਂ ਹੁੰਦਾ ਕਿ ਪੰਡਾਲ ਦੇ ਅੰਦਰ ਇਨ੍ਹਾਂ ਦਾ ਪਰ-ਨਿੰਦਾ ਪੁਰਾਣ ਸ਼ੁਰੂ ਹੋ ਜਾਂਦਾ ਹੈ। ਅਜਿਹੇ ਆਯੋਜਨਾਂ ਵਿੱਚ ਸ਼ਿਵ-ਪਾਰਵਤੀ ਦੇ ਪਰਿਵਾਰ ਦਾ ਸਜੀਵ-ਚਿੱਤਰਣ ਘੱਟ ਹੁੰਦਾ ਹੈ, ਅਤੇ ਸ਼ਰਮਾਈਨ, ਗੁਪਤਾਈਨ ਅਤੇ ਮਿਸ਼ਰਾਈਨ ਦੀਆਂ ਨੂੰਹਾਂ ਦਾ ਚਰਿੱਤਰ-ਚਿੱਤਰਣ ਵਧੇਰੇ ਇਕਾਗਰਤਾ ਨਾਲ ਹੁੰਦਾ ਹੈ। ਤਾੜੀਆਂ ਘੱਟ ਵੱਜਦੀਆਂ ਹਨ ਅਤੇ ਦੂਜਿਆਂ ਦੀਆਂ ਬਹੂ-ਬੇਟੀਆਂ ਦੀਆਂ "ਖ਼ਬਰਾਂ" ਜ਼ਿਆਦਾ ਵੱਜਦੀਆਂ ਹਨ।

ਔਸਤ ਬੁੱਧੀ ਵਾਲੇ ਲੋਕ ਇਸਨੂੰ 'ਚੁਗਲੀ' ਕਹਿ ਸਕਦੇ ਹਨ, ਪਰ ਇਹ ਇਸਨੂੰ 'ਸੂਚਨਾ-ਆਦਾਨ-ਪ੍ਰਦਾਨ' ਦਾ ਇੱਕ ਪਵਿੱਤਰ ਕਾਰਜ ਮੰਨਦੀਆਂ ਹਨ।

ਮੰਦਰਾਂ ਵਿੱਚ ਇਨ੍ਹਾਂ ਦੇ ਮੂੰਹੋਂ ਜੈ-ਜੈਕਾਰ ਘੱਟ ਅਤੇ "ਭੈਣ ਜੀ, ਤੁਸੀਂ ਫਲਾਣੇ ਦੀ ਨੂੰਹ ਬਾਰੇ ਕੁਝ ਸੁਣਿਆ...?" ਜ਼ਿਆਦਾ ਸੁਣਾਈ ਦਿੰਦਾ ਹੈ।

ਧਾਰਮਿਕ ਪ੍ਰਵਚਨ ਖਤਮ ਹੁੰਦਿਆਂ ਹੀ ਇਨ੍ਹਾਂ ਦਾ ਸਮਾਜਿਕ ਗੱਪ-ਸ਼ੱਪ –
"ਖੈਰ, ਛੱਡੋ ਜੀ, ਸਾਨੂੰ ਕੀ!",
"ਤੁਸੀਂ ਤਾਂ ਜਾਣਦੇ ਹੀ ਹੋ, ਮੈਨੂੰ ਏਧਰ ਦੀ ਗੱਲ ਓਧਰ ਕਰਨ ਦੀ ਆਦਤ ਨਹੀਂ ਹੈ।",
"ਤੁਹਾਨੂੰ ਸਹੁੰ ਹੈ, ਅੱਗੇ ਕਿਸੇ ਨੂੰ ਨਾ ਦੱਸਣਾ!"
ਵਰਗੇ ਪਵਿੱਤਰ ਅਤੇ ਮਰਿਆਦਾਮਈ ਵਾਕਾਂ ਨਾਲ ਸੰਪੂਰਨ ਹੁੰਦਾ ਹੈ।

ਆਖ਼ਰਕਾਰ ਮੂੰਹ ਵਿੱਚ 'ਰਾਮ ਰਾਮ' ਅਤੇ ਮਨ ਵਿੱਚ "ਗੁਆਂਢਣ ਬਿਰਤਾਂਤ" ਲੈ ਕੇ ਇਹ ਆਪੋ-ਆਪਣੇ ਘਰਾਂ ਲਈ ਰਵਾਨਾ ਹੁੰਦੀਆਂ ਹਨ।

ਬਹਿਰਹਾਲ, ਅਜਿਹੇ ਆਯੋਜਨਾਂ ਵਿੱਚ ਅਤਰੰਗੀ ਔਰਤਾਂ ਨੂੰ ਧਾਰਮਿਕ ਗਿਆਨ ਮਿਲੇ ਜਾਂ ਨਾ ਮਿਲੇ, ਪਰ ਇਹ ਗਰੰਟੀ ਹੈ ਕਿ ਮੁਹੱਲੇ ਦੀਆਂ ਘੱਟੋ-ਘੱਟ ਤਿੰਨ ਨਵੀਆਂ ਖ਼ਬਰਾਂ ਜਾਂ ਲੋਕਲ ਕਰੰਟ ਅਫ਼ੇਅਰਜ਼ ਨਾਲ ਲੈ ਕੇ ਹੀ ਆਪਣੇ ਘਰ ਮੁੜਦੀਆਂ ਹਨ।

***

**ਮੂਲ : ਵਿਨੋਦ ਕੁਮਾਰ ਵਿੱਕੀ,**
**ਖਗੜੀਆ (ਬਿਹਾਰ)**
**(7765954969)**



ਸਾਂਝੀ ਸੋਚ
ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.







Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


Pal Films Production
All Your Photo/Videography & Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਸ੍ਰ ਬਿਕਰਮ ਸਿੰਘ ਮਜੀਠੀਆ ਸਾਰੇ ਅਕਾਲੀ ਦਲਾਂ ਵਿਚ ਏਕਤਾ ਕਰਾ ਸਕਣ ਦੇ ਸਮਰੱਥ ਹੋਵੇਗਾ !!

ਸ੍ਰ ਬਿਕਰਮ ਸਿੰਘ ਮਜੀਠੀਆ ਜਿਨਾਂ ਨੂੰ ਕਈ ਕੇਸਾਂ ਦੇ ਦੋਸ਼ਾਂ ਵਿੱਚ ਹੇਠਲੀਆਂ ਸਾਰੀਆਂ ਅਦਾਲਤਾਂ ਨੇ ਜਮਾਨਤ ਦੇਣ ਤੋਂ ਮਨਾਹੀ ਕੀਤੀ ਹੋਈ ਸੀ ਜੋ ਹੁਣ ਇਨਾਂ ਦੇ ਦੱਸੇ ਜਾਂਦੇ ਪਿਤਾ ਰਾਧਾ ਸੁਆਮੀ ਡੇਰਾ ਬਿਆਸ ਦੇ ਮੁੱਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਮੁਲਾਕਾਤ ਤੋਂ ਬਾਅਦ ਸੁਪਰੀਮ ਕੋਰਟ ਵਲੋਂ ਦਿੱਤੀ ਗਈ ਜਮਾਨਤ ਦੀ ਚਰਚਾ ਨੇ ਸਿਆਸਤੀ ਪਿੜ੍ਹ ਵਿੱਚ ਵੱਡੀ ਹਲਚਲ ਹੀ ਪੈਦਾ ਨਹੀਂ ਕਰ ਦਿੱਤੀ ਹੈ ਬਲਕਿ ਰਾਜਨੀਤਕ ਖੇਤਰ ਵਿੱਚ ਕਈ ਪ੍ਰਕਾਰ ਦੀ ਚਰਚਾ ਵੀ ਛੇੜ੍ਹ ਦਿੱਤੀ ਹੈ ਕਿਉਂਕਿ 2027 ਵਿੱਚ ਪੰਜਾਬ ਵਿਧਾਨ ਸਭਾ ਦੀਆ ਚੋਣਾਂ ਹੋ ਰਹੀਆਂ ਹਨ ਤੇ ਭਾਜਪਾ ਹਰ ਹਰਬਾ ਖਰਬਾ ਵਰਤ ਰਹੀ ਹੈ ਕਿ ਉਹ ਕਿਸੇ ਤਰਾਂ ਜਿਵੇਂ ਵੀ ਸੰਭਵ ਹੋਵੇ ਪੰਜਾਬ ਦੀ ਸਿਆਸਤ ਵਿੱਚ ਭਾਜਪਾ ਦੀ ਤੂਤੀ ਬੋਲਣ ਲਗ ਜਾਵੇ।ਜਦੋਂ ਕਿ ਪੰਜਾਬ ਦੇ ਲੋਕਾਂ ਨੂੰ 'ਭਾਜਪਾ' ਫੁੱਟੀ ਅੱਖ ਵੀ ਭਾਉਂਦੀ ਨਹੀਂ ਹੈ।ਪਰ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਦੇ ਉਲੱਟ , ਇਸ ਏਕਤਾ ਨੂੰ ਹੀ ਇਸੇ ਪ੍ਰਸੰਗ ਵਿੱਚ ਗਿਣਿਆ ਜਾਣ ਲਗ ਪਿਆ ਹੈ ਤੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਇਹ ਹੀ ਮੁੱਖ ਮੰਤਵ ਸੀ ਸੋ ਸ੍ਰ ਬਿਕਰਮ ਸਿੰਘ ਮਜੀਠੀਆ ਦੀ ਰਿਹਾਈ ਨੇ ਇਸ ਦੇ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ ਪੰਜਾਬ ਵਿੱਚ ਆਉਣ ਵਾਲੀਆ ਚੋਣਾਂ ਵਿੱਚ ਅਕਾਲ਼ੀ ਭਾਜਪਾ ਦਾ ਗੱਠ ਜੋੜ੍ਹ ਜਰੂਰ ਹੋ ਜਾਵੇਗਾ ਤੇ ਇਸ ਰਿਹਾਈ ਨੂੰ ਵੀ ਉਸੇ ਕੜ੍ਹੀ ਵਿੱਚ ਜੋੜ੍ਹਿਆ ਜਾ ਰਿਹਾ ਹੈ ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਅਜਿਹਾ ਕੀਤਾ ਜਾਣਾ ਦੋਹਾਂ ਪਾਰਟੀਆਂ ਦਾ ਆਪਸ ਵਿੱਚ ਇਕ ਤਰਾਂ ਦਾ ਸੌਦਾ ਹੈ ।ਕਿੰਨੀ ਹਾਸੋ ਹੀਣੀ ਗੱਲ ਹੈ ਕਿ ਸੋਸ਼ਲ ਮੀਡੀਆ ਵਿੱਚ ਇਹ ਚਰਚਾ ਹੋਣੀ ਵੀ ਸ਼ੁਰੂ ਹੋ ਗਈ ਹੈ ਕਿ ਆਖਰ ਪੰਜਾਬ ਦੀ ਸਿਆਸਤ ਕਿਨ੍ਹਾਂ ਦੇ ਹੱਥਾਂ ਵਿੱਚ ਹੋਵੇਗੀ।ਡੇਰਾ ਮੁੱਖੀ ਗੁਰਿੰਦਰ ਸਿੰਘ ਢਿਲੋਂ ਦੀ ਗੈਰ ਜਿੰਮੇਵਾਰ ਇਸ ਬਿਆਨਬਾਜੀ ਨੇ ਪੰਜਾਬ ਦੇ ਲੋਕਾਂ ਨੂੰ ਫਿਕਰਮੰਦ ਕਰ ਦਿੱਤਾ ਹੈ ਇਸ ਬਿਆਨ ਦੇ ਹੇਠਾਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਡੇਰਾ ਰਾਧਾ ਸੁਆਮੀ ਬਿਆਸ ਦੇ ਡੇਰੇ ਦੇ ਮੁੱਖੀ ਬਾਬਾ ਗੁਰਿੰਦਰ ਸਿੰਘ ਢਿਲੋਂ ਦੀ ਫੋਟੋ ਵੀ ਲਗੀ ਹੋਈ ਹੈ।ਜੋ ਇਸ ਗੱਲ ਦਾ ਸੰਕੇਤ ਦੇ ਰਹੀ ਹੈ ।ਇਥੇ ਹੀ ਬਸ ਨਹੀਂ ਕਿ ਮਜੀਠੀਆ ਦੇ ਹਲਕੇ ਤੋਂ ਤਾਂ ਇਹ ਵੀ ਚਰਚੇ ਹੋਣੇ ਸ਼ੁਰੂ ਹੋ ਗਏ ਹਨ ਕਿ ਇਸ ਹਲਕੇ ਤੋਂ "ਸ੍ਰ ਬਿਕਰਮ ਸਿੰਘ ਮਜੀਠੀਆ ਜਿੱਤਣ ਗੇ ਜਾਂ ਕਿ ਫਿਰ ਆਮ ਆਦਮੀ ਪਾਰਟੀ ਦੇ ਸ੍ਰ ਤਲਬੀਰ ਸਿੰਘ ਗਿੱਲ!ਸ਼ੰਕੇ ਸੱਚ ਵਿੱਚ ਰਿਹਾਈ ਤੋਂ ਤੁਰੰਤ ਬਾਅਦ ਤਬਦੀਲ ਹੋਣੇ ਯਕੀਨਨ ਹਨ ਕਿਉਂ ਕਿ ਸ੍ਰ ਬਿਕਰਮ ਸਿੰਘ ਮਜੀਠੀਆ ਬਾਹਰ ਆਉਂਦਿਆਂ ਸਾਰ ਇਹ ਬਿਆਨ ਦੇਣਾ ਕਿ ਉਹ ਸਾਰੇ ਅਕਾਲੀ ਦੱਲਾਂ ਦਾ ਏਕਾ ਵੀ ਕਰਵਾਉਣਗੇ ਇਸ ਸਬੰਧ ਵਿੱਚ ਉਹ ਸਾਰੇ ਅਕਾਲੀ ਦੱਲ ਦੇ ਮੁੱਖੀਆਂ ਨੂੰ ਨੰਗੇ ਪੈਰੀਂ ਮਿਲਣ ਜਾਣਗੇ ਤੇ ਏਕੇ ਦੀ ਬੇਨਤੀ ਕਰਨਗੇ ।ਹਾਲੇ ਇਹ ਖਬਰ ਛੱਪੀ ਹੀ ਸੀ ਕਿ ਉਸੇ ਵੇਲੇ ਨਵੇਂ ਬਣੇ ਅਕਾਲੀ ਦੱਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦਾ ਬਿਆਨ ਵੀ ਆ ਗਿਆ ਕਿ ਜਦੋਂ ਤਕ ਸ੍ਰ ਸੁਖਬੀਰ ਸਿੰਘ ਬਾਦਲ ਪ੍ਰਧਾਨ ਹੈ ਉਹ ਕਦੇ ਵੀ ਏਕਤਾ ਨਹੀਂ ਕਰਨਗੇ !

ਦੂਸਰੇ ਅਕਾਲੀ ਦੱਲਾਂ ਦੇ ਏਕਤਾ ਦੀ ਗੱਲ ਤਾਂ ਹਾਲੇ ਦੂਰ ਦੀ ਹੈ ।ਸ਼੍ਰੋਮਣੀ ਅਕਾਲੀ ਦੱਲ (ਸ੍ਰੀ ਅੰਮ੍ਰਿਤਸਰ) ਦੇ ਪ੍ਰਧਾਨ ਸ੍ਰ ਸਿਮਰਨਜੀਤ ਸਿੰਘ ਮਾਨ ਏਕਤਾ ਬਾਰੇ ਕੀ ਕਹਿੰਦੇ ਹਨ ਉਹ ਤਾਂ ਜਦੋਂ ਸ੍ਰ ਬਿਕਰਮ ਸਿੰਘ ਮਜੀਠੀਆ ਉਨਾਂ ਨੂੰ ਮਿਲਣ ਜਾਣਗੇ ਅਗੋਂ ਕੀ ਜੁਆਬ ਮਿਲਦਾ ਹੈ ?ਇਸ ਦੀ ਭਵਿੱਖ ਵਿੱਚ ਕਿਆਸ ਨਹੀਂ ਕੀਤੀ ਜਾ ਸਕਦੀ ।ਪੰਜਾਬ ਦੇ ਲੋਕ ਹੈਰਾਨ ਤੇ ਪਰੇਸ਼ਾਨ ਵੀ ਹਨ ਕਿ ਅਜਿਹੇ ਸਿੱਖ ਕੌਮ ਦੇ ਆਗੂ ਬਣੇ ਰਹੇ ਹਨ।ਜਿਹਨਾਂ ਨੂੰ ਇਹ ਨਹੀਂ ਪਤਾ ਕਿ ਕਈ ਸਾਰੇ ਕੇਸ ਤਾਂ ਉਨਾਂ ਤੇ ਹਾਲੇ ਚੱਲ ਰਹੇ ਹਨ।ਉਹ ਤਾਂ ਜਮਾਨਤ ਤੇ ਹੀ ਰਿਹਾਅ ਹੋ ਕੇ ਆਏ ਹਨ। ਜਿਸ ਤਰਾਂ ਦੀਆਂ ਉਹ ਫੁੱਕਰੀਆਂ ਗੱਲਾਂ ਕਰ ਰਹੇ ਹਨ ਕਿ "ਰਿਹਾਈ ਵੇਲੇ 32 ਕੈਮਰੇ ਸਨ ਕੱਲਾ ਜੱਟ ਨੂੰ ਵੇਖਣ ਵਾਸਤੇ" ਉਨਾਂ ਦਾ ਪਰੈਸ ਵਿੱਚ ਇਹ ਕਹਿਣਾ ਕਿ ਉਹ ਆਪਣੀ ਘਰ ਵਾਲੀ ਨੂੰ ਬੜਾ ਯਾਦ ਕਰਦੇ ਰਹਿੰਦੇ ਸਨ ਆਪਣੇ ਸਿਰਹਾਣੇ ਤੇ ਉਸ ਦਾ ਨਾਂ ਲਿੱਖ ਕੇ ਤੇ ਦਿੱਲ ਦੀ ਫੋਟੋ ਵਾਲੇ ਸਿਰਹਾਣੇ ਨੂੰ ਹੇਠਾਂ ਰੱਖ ਕੇ ਸੌਂਦੇ ਸਨ ,ਆਪਣੇ ਬੱਚਿਆਂ ਵਲੋਂ ਗੇਟ ਉਤੇ ਲਿਖਵਾਉਣਾ ਕਿ "ਲਾਇਨ ਇਜ ਬੈਕ", ਜਾਂ ਫਿਰ ਆਪਣੀਆਂ ਮੁੱਛਾਂ ਨੂੰ ਉਤੇ ਚੁੱਕ ਚੁੱਕ ਕੇ ਮਜੀਠੀਆ ਸਾਹਿਬ ਲੋਕਾਂ ਨੂੰ ਕੀ ਦਸਣਾ ਚਾਹੁੰਦੇ ਹਨ?ਪੰਜਾਬ ਦੇ ਲੋਕ ਇਸ ਨੂੰ ਸਿਖਰਾਂ ਦੀ ਫੁੱਕਰਾਪੰਥੀ ਕਹਿ ਰਹੇ ਹਨ ।ਪੰਜਾਬ ਦੇ ਲੋਕਾਂ ਦਾ ਕਹਿਣਾ ਹੈ ਕਿ ਮਜੀਠੀਆ ਜੀ ਗੱਲਾਂ ਤਾਂ ਬਹੁਤ ਕਰਦੇ ਹਨ ਕਦੇ ਉਨਾ ਨੇ ਆਪਣੇ ਆਪ ਨੂੰ ਵੇਖਿਆ ਕਿ ਉਹ ਕਿੰਨੇ ਕੁ ਸਰੀਰਕ ਪੱਖੋਂ ਬਲਵਾਨ ਹੋ ਕੇ ਬਾਹਰ ਆਏ ਹਨ ਜਦੋਂ ਕਿ ਖੁੱਦ ਆਪ ਬਾਰ ਬਾਰ ਕਹਿ ਰਹੇ ਹਨ ਕਿ ਉਨਾਂ ਨੂੰ ਜੇਲ੍ਹ ਵਿੱਚ ਤਰ੍ਹੀ ਵਾਲੇ ਬੇਗਣ ਹੀ ਮਿਲਦੇ ਰਹੇ ਹਨ ।ਇਸ ਤਰਾਂ ਬਾਰ ਬਾਰ ਮੁੱਛਾਂ ਨੂੰ ਤਾਅ ਦੇਣਾ ਜਿਹੜੇ ਆਪਣੇ ਆਪ ਨੂੰ ਸਿਆਸੀ ਲੀਡਰ ਸਮਝਦੇ ਹਨ ਉਨਾਂ ਨੂੰ ਉੱਕਾ ਹੀ ਸੋਭਦਾ ਨਹੀਂ।ਇਸ ਰਿਹਾਈ ਨੇ ਇਸ ਤੇ ਮੋਹਰ ਜਰੂਰ ਲਗਾ ਦਿੱਤੀ ਹੈ ਕਿ ਪੰਜਾਬ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਅਕਾ਼ਲੀ ਭਾਜਪਾ ਦਾ ਗੱਠ ਜੋੜ੍ਹ ਜਰੂਰ ਹੋਵੇਗਾ ਜਿਸ ਦੀ ਗਵਾਹੀ ਅਕਾਲੀ ਦੱਲ ਦੇ ਆਗੂ ਸ੍ਰ ਸਿਕੰਦਰ ਸਿੰਘ ਮਲੂਕਾ ਨੇ ਸੋਸ਼.ਲ ਮੀਡੀਆਂ ਵਿੱਚ ਇਹ ਕਹਿ ਕੇ ਸਾਬਤ ਕਰ ਦਿੱਤੀ ਹੈ "ਕਿ ਭਾਜਪਾ ਅਕਾਲੀ ਦੱਲ ਗੱਠਜੋੜ੍ਹ ਤੋਂ ਬਾਅਦ ਹਨੇਰੀ ਵਾਂਗੂੰ ਬਣੇਗੀ ਪੰਜਾਬ ਸਾਡੀ ਸਰਕਾਰ ਭਾਵ ਅਕਾਲੀਆਂ ਦੀ ਸਰਕਾਰ"।ਇਹ ਵੀ ਦਸਿਆ ਜਾਂਦਾ ਕਿ ਮੋਦੀ ਸਾਹਿਬ ਕਦੇ ਨਹੀਂ ਚਾਹੁੰਦੇ ਕਿ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣੇ।ਪੰਜਾਬ ਦੇ ਚਿੰਤਕਾਂ ਦਾ ਬਾਰ ਬਾਰ ਇਹ ਕਹਿਣਾ ਕਿ ਅਕਾਲੀ ਦੱਲ ਦੇ ਆਗੂਆਂ ਨੂੰ ਹਾਲੇ ਤਕ ਸਮਝ ਨਹੀਂ ਆਈ ਕਿ ਪੰਜਾਬ ਵਿੱਚ ਉਨਾਂ ਨੇ ਕਈ ਦਹਾਕੇ ਭਾਜਪਾ ਨਾਲ ਭਿਆਲੀ ਪਾ ਕੇ ਸਰਕਾਰ ਚਲਾਈ ।ਆਖਰ ਉਨਾਂ ਨੂੰ ਮਿਲਿਆ ਕੀ ਭਾਜਪਾ ਨੇ ਉਨਾਂ ਦਾ ਅਕਾਲੀ ਦੱਲ ਖੇਰੂੰ ਖੇਰੂੰ ਕਰ ਦਿੱਤਾ ,ਉਨਾਂ ਦਾ ਅਕਾਲੀ ਦੱਲ ਜਿਹੜੀ ਪੰਜਾਬ ਦੀ ਖੇਤਰੀ ਪਾਰਟੀ ਹੁੰਦੀ ਸੀ ਖਤਮ ਕਰਕੇ ਰੱਖ ਦਿੱਤੀ। ਸਿੱਖ ਪੰਥ ਜਿਸ ਅਕਾਲੀ ਪਾਰਟੀ ਨੂੰ ਕਿਸੇ ਸਮੇਂ 'ਪੰਥਕ ਪਾਰਟੀ' ਸਮਝਦਾ ਸੀ ।ਉਸ ਨੇ ਮੂਲੋਂ ਹੀ ਇਨਾਂ ਤੋਂ ਮੂੰਹ ਕਿਉਂ ਮੋੜ੍ਹ ਲਿਆ?ਪੰਜਾਬ ਵਿੱਚ 2017 ਤੇ 2022 ਦੀਆਂ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਜੋ ਕੁਝ ਅਕਾਲੀਆਂ ਨਾਲ ਹੋਇਆ ਸਭ ਦੇ ਸਾਹਮਣੇ ਹੈ ।ਭਾਜਪਾ ਦਾ ਪਿਛੋਕੜ੍ਹ ਕੀ ਹੈ ?ਪੰਜਾਬ ਦੇ ਲੋਕ ਹਾਲੇ ਭੁੱਲੇ ਨਹੀਂ !ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਆਪਸ ਵਿੱਚ ਲੜਾ ਕੇ ਭਰਾਤਰੀ ਸਾਂਝ ਨੂੰ ਤਹਿਸ ਨਹਿਸ ਕਰਨ ਵਾਲੀ,ਪੰਜਾਬ ਦੇ ਟੋਟੇ ਟੋਟੇ ਕਰਾਉਣ ਵਾਲੀ,ਪੰਜਾਬ ਦੀ ਮਾਂ ਬੋਲੀ 'ਪੰਜਾਬੀ' ਨਾਲ ਰੱਜ ਕੇ ਧਰੋਹ ਕਮਾਉਣ ਵਾਲੀ, ਕਿਹੜੇ ਭੈੜੇ ਤੋਂ ਭੈੜੇ ਨਾਂ ਇਸ ਭਾਜਪਾ ਪਾਰਟੀ ਨਾਲ ਨਹੀਂ ਜੁੜ੍ਹਦੇ।ਜੇਕਰ ਚੰਡੀਗੜ੍ਹ ਪੰਜਾਬ ਨੂੰ ਨਾ ਮਿਲੇ , ਪੰਜਾਬ ਦਾ ਪਾਣੀ ਦੂਸਰੇ ਸੂਬੇ ਲੈ ਜਾਣ ਪੰਜਾਬ ਭਾਵੇਂ ਤਿਹਾਇਆ ਰਹੇ ਇਸ ਸਿਖਰਾਂ ਦੀ ਫਿਰਕੂ ਪਾਰਟੀ ਨੂੰ ਪੰਜਾਬ ਨਾਲ ਕੋਈ ਨਾ

ਹਿੱਤ ਹੈ ਤੇ ਨਾ ਹੀ ਕੋਈ ਮੋਹ ,ਸਗੋਂ ਖੁਸ਼ ਹੁੰਦੀ ਹੈ । ਇਸ ਪਾਰਟੀ ਦਾ ਤਾਂ ਉਹ ਹਾਲ ਹੈ ਕਿ "ਆਂਡੇ ਕਿਤੇ ਤੇ ਕੁੱੜ੍ਹ ਕੁੱੜ੍ਹ ਕਿਤੇ"।ਪੰਜਾਬ ਨੂੰ ਬਰਬਾਦ ਕਰਨ ਵਾਲੀ ਹੈ ਇਹ ਪਾਰਟੀ।ਅਕਾਲੀ ਦੱਲ ਦੇ ਆਗੂਆਂ ਨੂੰ ਹਾਲੇ ਇੰਨਾ ਕੁਝ ਗੁਆ ਜਾਣ ਦੇ ਬਾਵਜੂਦ ਫਿਰ ਵੀ ਸਮਝ ਨਹੀਂ ਆ ਰਿਹਾ।ਇਸ ਸਥਿਤੀ ਵਿੱਚ ਵੀ ਅਕਾਲੀ ਦੱਲ ਦੇ ਆਗੂ ਭਾਜਪਾ ਦਾ ਗੁਣ ਗਾਣ ਕਰਦੇ ਆ ਰਹੇ ਹਨ ।ਜੇ ਸੱਚ ਮੰਨੀਏ ਤਾਂ ਪੰਜਾਬ ਦੇ ਸੂਝਵਾਨ ਲੋਕ 'ਲਾਹਨਤ ਦੇ ਰਹੇ ਹਨ ਅਕਾਲੀ ਦੱਲ ਦੇ ਅਜਿਹੇ ਆਗੂਆਂ ਨੂੰ'।ਜਿਹੜੇ ਵੀ ਭਾਜਪਾ ਨਾਲ ਸਮਝੌਤੇ ਦੀਆ ਗੱਲਾਂ ਕਰਦੇ ਆ ਰਹੇ ਹਨ ।ਭਾਜਪਾ ਉਹ ਪਾਰਟੀ ਹੈ ਕਿ ਭਾਰਤ ਵਿੱਚ ਜਿਸ ਕਿਸੇ ਵੀ ਪ੍ਰਾਂਤ ਵਿੱਚ ਇਸ ਭਾਜਪਾ ਨੇ ਉਥੋਂ ਦੀ ਪਾਰਟੀ ਨਾਲ ਸਮਝੌਤਾ ਕੀਤਾ ਉਸ ਦਾ ਸਦਾ ਲਈ ਖੁਰਾ ਖੋਜ ਮਿੱਟਾ ਦਿੱਤਾ ਹੈ। ਅਕਾਲੀ ਦੱਲ ਦੇ ਆਗੂਆਂ ਨੂੰ ਆਪਣੀ ਪੀੜ੍ਹੀ ਹੇਠਾਂ ਸੋਟਾ ਮਾਰਨ ਦੀ ਜਰੂਰਤ ਹੈ।ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਪੰਜਾਬ ਦੇ ਸੂਝਵਾਨਾਂ ਦਾ ਕਹਿਣਾ ਹੈ ਕਿ ਉਨਾਂ ਨੂੰ ਭਾਜਪਾ ਤੋਂ ਸਦਾ ਲਈ ਨਮਸਕਾਰ ਕਰਕੇ ਉਨਾਂ ਤੋਂ ਬਿਨਾ ਦੂਸਰੀਆਂ ਹੋਰ ਰਾਜਨੀਤਕ ਪਾਰਟੀਆਂ ਸਮੇਤ ਬੀ ਐਸ ਪੀ ਦੇ ਸਿਆਣੇ ,

ਈਮਾਨਦਾਰ ਤੇ ਪੰਜਾਬ ਲਈ ਸੱਚੇ ਦਿਲੋਂ ਫਿਕਰਮੰਦ ਲੀਡਰਾਂ ਨੂੰ ਇੱਕਠੇ ਕਰਕੇ ਇਕ ਨਵੀਂ ਪਾਰਟੀ ਦਾ ਨਿਰਮਾਣ ਕਰਨਾ ਪੈਣਾ ਹੈ ਇਸ ਤੋਂ ਬਿਨਾ ਪੰਜਾਬ ਦਾ ਕੋਈ ਹੱਲ ਨਹੀਂ । ਪੰਜਾਬ ਦੇ ਬਹੁਤ ਸਾਰੇ ਮੱਸਲੇ ਪਿਛਲੇ ਕਈ ਦਹਾਕਿਆਂ ਤੋਂ ਲੱਟਕਦੇ ਆ ਰਹੇ ਹਨ ਉਨਾਂ ਦਾ ਹੱਲ ਹੋਣਾ ਬਹੁਤ ਜਰੂਰੀ ਹੈ ।ਆਸ ਹੈ ਪੰਜਾਬ ਦੇ ਸੁਹਿਰਦ ਅਕਾਲੀ ਆਗੂ 'ਭਾਜਪਾ ਨਾਲ ਸਮਝੌਤਾ ਕਰਨ' ਦੇ ਵਿਚਾਰ ਨੂੰ ਛੱਡ ਕੇ ਉਪਰੋਕਤ ਚਿੰਤਕਾਂ ਦੀ ਸੋਚ ਤੇ ਗੌਰ ਵਿਚਾਰ ਕਰਕੇ ਆਪਣੇ ਯਤਨ ਅਰੰਭ ਦੇਣਗੇ ਕਿਉਂ ਕਿ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੜਾ ਥੋਹੜਾ ਸਮਾਂ ਰਹਿ ਗਿਆ ਹੈ ।

SANJHI SOCH
ਜੰਗ ਸਿੰਘ ਮਰਸੱਡ (ਅਮਰੀਕਾ)
+1 415 603 7380






JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841
+1-917-915-4142
FREMONT, CA
3155 KEARNEY ST, SUITE #248, FREMONT, CA 94538
+1-510-657-6444
NEW YORK, NY
108-14 JAMAICA AVENUE, RICHMOND HILL, NY 11418
+1-718-533-8444
FRESNO, CA
1625 E SHAW AVE #122, FRESNO, CA 93711
+1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820
+1-732-453-6699
LOS ANGELES, CA
1013 N BEGONIA AVE, ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# ਹਿਟਲਰ ਚੜ੍ਹ ਕੇ ਆ ਰਿਹਾ

ਹਿਟਲਰ ਫਿਰ ਚੜ੍ਹ ਕੇ ਆ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।
ਦੂਜੀ ਸੰਸਾਰੀ ਜੰਗ ਦੇ ਜ਼ਖ਼ਮ ਹਾਲੇ ਤੱਕ ਮਿਲਦੇ,
ਕਈ ਮਨੁੱਖੀ ਕੁਕਰਮ ਹਾਲੇ ਵੀ ਭੁੱਲਿਆਂ ਨਹੀਂ ਭੁੱਲਦੇ।
ਇਹ ਹੋਰ ਵੀ ਜ਼ੁਲਮ ਕਮਾ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।
ਨਵੀਆਂ ਨਸਲਾਂ ਹਾਲੇ ਵੀ ਅਪਾਹਜ ਨੇ ਜੰਮਦੀਆਂ,
ਦਰਦ ਦੀਆਂ ਆਹਾਂ ਹਾਲੇ ਵੀ ਥੰਮਿਆਂ ਨਹੀਂ ਥੰਮਦੀਆਂ।
ਉਹ ਬੰਬ ਫੜ ਕੇ ਫਿਰ ਆ ਰਿਹਾ, ਉਏ ਸੰਭਲੋ ਲੋਕੋ।
ਹਰ ਤਰਫ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।
ਰੋਜ਼ਾਨਾ ਧਮਕੀਆਂ ਦੇਵੇ ਅਤੇ ਦੁਨੀਆ ਨੂੰ ਡਰਾਵੇ,
ਦੇਸ਼ਾਂ ਉੱਤੇ ਕਬਜ਼ੇ ਕਰਨ ਦੇ ਕਰਦਾ ਨਿੱਤ ਦਾਅਵੇ।
ਟੈਰਿਫ ਹਰ ਉੱਤੇ ਲਾ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।
ਕੱਠੇ ਰਲ ਕੇ ਲੜੇ ਤਾਂ ਸ਼ਾਇਦ ਬਚ ਜਾਉਗੇ,
ਕੱਲੇ ਕੱਲੇ ਲੜੇ ਤਾਂ ਲਾਜ਼ਮ ਮਰ ਜਾਉਗੇ।
ਕਈਆਂ ਨੂੰ ਚਾਰਾ ਪਾ ਰਿਹਾ, ਉਏ ਸੰਭਲੋ ਲੋਕੋ।
ਹਰ ਤਰਫ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।
ਹਿਟਲਰ ਫਿਰ ਚੜ੍ਹ ਕੇ ਆ ਰਿਹਾ, ਉਏ ਸੰਭਲੋ ਲੋਕੋ,
ਹਰ ਤਰਫ ਸਨਾਟਾ ਛਾ ਰਿਹਾ, ਉਏ ਸੰਭਲੋ ਲੋਕੋ।



ਸਾਂਝੀ ਸੋਚ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ
+44 77487-72308

# ਦਿਖਾਵੇ ਦਾ ਰੋਗ: ਇੱਕ ਆਧੁਨਿਕ ਮਹਾਂਮਾਰੀ

ਅੱਜ ਦਾ ਸਮਾਜ ਇੱਕ ਅਜੀਬ ਬਿਮਾਰੀ ਤੋਂ ਗ੍ਰਸਤ ਹੁੰਦਾ ਜਾ ਰਿਹਾ ਹੈ। ਇਹ ਬਿਮਾਰੀ ਨਾ ਤਾਂ ਸਰੀਰ ਵਿੱਚ ਦਿਖਾਈ ਦਿੰਦੀ ਹੈ, ਨਾ ਹੀ ਡਾਕਟਰੀ ਰਿਪੋਰਟ ਵਿੱਚ ਫੜੀ ਜਾਂਦੀ ਹੈ, ਪਰ ਇਹ ਹੌਲੀ-ਹੌਲੀ ਮਨ, ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਨੂੰ ਖਾਲੀ ਕਰ ਦਿੰਦੀ ਹੈ। ਆਧੁਨਿਕ ਜੀਵਨ ਸ਼ੈਲੀ, ਸੋਸ਼ਲ ਮੀਡੀਆ ਅਤੇ ਮੁਕਾਬਲੇ ਨੇ ਇਸਨੂੰ ਹੋਰ ਵੀ ਘਾਤਕ ਬਣਾ ਦਿੱਤਾ ਹੈ।

ਦਿਖਾਵੇ ਦਾ ਅਰਥ ਹੈ ਉਹ ਬਣਨ ਦੀ ਕੋਸ਼ਿਸ਼ ਕਰਨਾ ਜੋ ਅਸੀਂ ਅਸਲ ਵਿੱਚ ਨਹੀਂ ਹਾਂ। ਮਹਿੰਗੇ ਕੱਪੜੇ, ਵੱਡੀਆਂ ਗੱਡੀਆਂ, ਸੋਸ਼ਲ ਮੀਡੀਆ 'ਤੇ "ਪਰਫੈਕਟ ਲਾਈਫ਼" ਦੀਆਂ ਤਸਵੀਰਾਂ, ਉਧਾਰ ਲੈ ਕੇ ਕੀਤੇ ਗਏ ਸ਼ੌਕ, ਅਤੇ ਹੈਸੀਅਤ ਤੋਂ ਵਧ ਕੇ ਖਰਚ ਏ ਸਭ ਇਸੇ ਰੋਗ ਦੇ ਲੱਛਣ ਹਨ। ਵਿਅਕਤੀ ਆਪਣੀ ਅਸਲ ਪਛਾਣ ਤੋਂ ਅਸੰਤੁਸ਼ਟ ਹੋ ਜਾਂਦਾ ਹੈ ਅਤੇ ਦੂਜਿਆਂ ਨੂੰ ਪ੍ਰਭਾਵਿਤ ਕਰਨ ਵਿੱਚ ਊਰਜਾ ਖਰਚ ਕਰਦਾ ਹੈ।

ਇਹ ਬਿਮਾਰੀ ਸਿਰਫ਼ ਆਰਥਿਕ ਨੁਕਸਾਨ ਤੱਕ ਹੀ ਸੀਮਤ ਨਹੀਂ ਹੈ। ਇਸ ਨਾਲ ਮਾਨਸਿਕ ਤਣਾਅ, ਈਰਖਾ, ਨੀਵਾਂਪਣ ਅਤੇ ਇਕੱਲਤਾ ਵਧਦੀ ਹੈ। ਲੋਕ ਮੁਸਕਰਾਉਂਦੇ ਹੋਏ ਤਸਵੀਰਾਂ ਪਿੱਛੇ ਚਿੰਤਾ, ਕਰਜ਼ ਅਤੇ ਟੁੱਟੇ ਹੋਏ ਰਿਸ਼ਤੇ ਲੁਕਾਉਂਦੇ ਹਨ। ਦਿਖਾਵੇ ਦੀ ਦੌੜ ਵਿੱਚ ਇਨਸਾਨ ਆਪਣੇ ਆਪਾਂ ਨਾਲ ਵੀ ਮੁਕਾਬਲਾ ਕਰਨ ਲੱਗਦਾ ਹੈ, ਜਿਸ ਨਾਲ ਪਰਿਵਾਰਕ ਅਤੇ ਸਮਾਜਿਕ ਸਬੰਧ ਕਮਜ਼ੋਰ ਹੋ ਜਾਂਦੇ ਹਨ।

ਸੋਸ਼ਲ ਮੀਡੀਆ ਇਸ ਬਿਮਾਰੀ ਨੂੰ ਖਾਣ-ਪੀਣ ਦਿੰਦਾ ਹੈ। ਉੱਥੇ ਜ਼ਿੰਦਗੀ ਦੀ ਸੱਚਾਈ ਨਹੀਂ, ਸਗੋਂ ਸੰਪਾਦਿਤ ਪਲ ਦਿਖਾਏ ਜਾਂਦੇ ਹਨ। ਤੁਲਨਾ ਦੀ ਇਹ ਆਦਤ ਸਾਨੂੰ ਇਹ ਮਹਿਸੂਸ ਕਰਵਾਉਂਦੀ ਹੈ ਕਿ ਅਸੀਂ "ਕਮ" ਹਾਂ। ਘੱਟ ਸਫਲ, ਘੱਟ ਖੁਸ਼, ਘੱਟ ਸਟਾਈਲਿਸ਼। ਜਦੋਂ ਕਿ ਸੱਚਾਈ ਇਹ ਹੈ ਕਿ ਹਰ ਜ਼ਿੰਦਗੀ ਵਿੱਚ ਸੰਘਰਸ਼ ਹੁੰਦਾ ਹੈ, ਬਸ ਇਸਨੂੰ ਫਿਲਟਰ ਦੇ ਪਿੱਛੇ ਲੁਕਾਇਆ ਜਾਂਦਾ ਹੈ।

ਦਿਖਾਵੇ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਹ ਸੰਤੁਸ਼ਟੀ ਨੂੰ ਖਤਮ ਕਰ ਦਿੰਦਾ ਹੈ। ਜਦੋਂ ਸੰਤੁਸ਼ਟੀ ਖਤਮ ਹੋ ਜਾਂਦੀ ਹੈ, ਤਾਂ ਅਨੰਦ ਵੀ ਖਤਮ ਹੋ ਜਾਂਦਾ ਹੈ। ਵਿਅਕਤੀ "ਹੋਣਾ" ਤੋਂ ਵੱਧ "ਦਿਕਹਉਣਾ" ਵੱਲ ਧਿਆਨ ਦੇਣ ਲਈ ਲੱਗਦਾ ਹੈ। ਹੌਲੀ-ਹੌਲੀ ਮੁੱਲਾਂ, ਸਾਦਗੀ ਅਤੇ ਇਮਾਨਦਾਰੀ ਦੀ ਥਾਂ ਬ੍ਰਾਂਡ, ਪਸੰਦ ਅਤੇ ਹੌਸਲਾ ਲੈ ਲੈਂਦੇ ਹਨ।

ਇਸ ਬਿਮਾਰੀ ਦਾ ਇਲਾਜ ਮੁਸ਼ਕਲ ਨਹੀਂ, ਬਸ ਇਮਾਨਦਾਰੀ ਚਾਹੀਦੀ ਹੈ ਖੁਦ ਤੋਂ। ਆਪਣੀਆਂ ਸੀਮਾਵਾਂ ਨੂੰ ਸਵੀਕਾਰ ਕਰਨਾ, ਲੋੜ ਅਤੇ ਇੱਛਾ ਵਿੱਚ ਅੰਤਰ ਸਮਝਣਾ, ਅਤੇ ਇਹ ਜਾਣਨਾ ਕਿ ਸੱਚੀ ਖੁਸ਼ੀ ਬਾਹਰੀ ਚਮਕ ਵਿੱਚ ਨਹੀਂ, ਸਗੋਂ ਅੰਦਰਲੀ ਸ਼ਾਂਤੀ ਵਿੱਚ ਹੈ। ਸਾਦਗੀ ਕੋਈ ਕਮਜ਼ੋਰੀ ਨਹੀਂ ਹੈ, ਸਗੋਂ ਆਤਮਵਿਸ਼ਵਾਸ ਦੀ ਪਛਾਣ ਹੈ।

ਦਿਖਾਵੇ ਦਾ ਰੋਗ: ਇੱਕ ਆਧੁਨਿਕ ਮਹਾਂਮਾਰੀ

ਸੋਸ਼ਲ ਮੀਡੀਆ ਅਤੇ 'ਪਰਫੈਕਟ' ਲਾਈਫ ਦਾ ਭਰਮ ਅੱਜਕੱਲ੍ਹ ਸਾਡੀ ਜ਼ਿੰਦਗੀ ਦਾ ਵੱਡਾ ਹਿੱਸਾ ਸਕ੍ਰੀਨਾਂ 'ਤੇ ਹੀ ਬੀਤਦਾ ਹੈ। ਅਸੀਂ ਭੋਜਨ ਦੀ ਫੋਟੋ ਖਿੱਚਦੇ ਹਾਂ, ਇਸ ਤੋਂ ਪਹਿਲਾਂ ਕਿ ਅਸੀਂ ਇਸਦਾ ਸੁਆਦ ਚੱਖੀਏ ਤਾਂ ਜੋ ਦੁਨੀਆ ਨੂੰ ਦਿਖਾਇਆ ਜਾ ਸਕੇ ਕਿ ਅਸੀਂ ਕਿੰਨੀ "ਲਗਜ਼ਰੀ" ਜ਼ਿੰਦਗੀ ਜੀ ਰਹੇ ਹਾਂ। ਲਾਈਕਸ, ਸ਼ੇਅਰ ਅਤੇ ਟਿੱਪਣੀਆਂ ਦੀ ਭੁੱਖ ਨੇ ਸਾਨੂੰ ਸਵੈ-ਪ੍ਰਦਰਸ਼ਨ ਦੇ ਗੁਲਾਮ ਬਣਾ ਦਿੱਤਾ ਹੈ। ਅਕਸਰ ਲੋਕ ਦੂਜਿਆਂ ਦੀਆਂ ਸੰਪਾਦਿਤ ਤਸਵੀਰਾਂ ਨੂੰ ਦੇਖ ਕੇ ਆਪਣੀ ਸਾਦੀ ਜ਼ਿੰਦਗੀ ਨੂੰ 'ਘੱਟ' ਸਮਝਣ ਲੱਗ ਪੈਂਦੇ ਹਨ।

ਪ੍ਰਦਰਸ਼ਨ ਦੀ ਆਰਥਿਕਤਾ ਲੋਕ ਉਹ ਚੀਜ਼ਾਂ ਖਰੀਦ ਰਹੇ ਹਨ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਨਹੀਂ ਹੈ, ਉਸ ਪੈਸੇ ਨਾਲ ਜੋ ਉਹਨਾਂ ਕੋਲ ਨਹੀਂ ਹੈ (ਕ੍ਰੈਡਿਟ ਕਾਰਡ ਜਾਂ ਕਰਜ਼ਾ) ਸਿਰਫ਼ ਉਨ੍ਹਾਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਜਿਨ੍ਹਾਂ ਨੂੰ ਉਹ ਪਸੰਦ ਵੀ ਨਹੀਂ ਕਰਦੇ। ਮਹਿੰਗੇ ਯੰਤਰ: ਹਰ ਸਾਲ ਨਵਾਂ ਫ਼ੋਨ ਲੈਣ ਦੀ ਲੋੜ ਨਹੀਂ, ਇਹ ਇੱਕ ਸਟੇਟਸ ਸਿੰਬਲ ਬਣ ਗਿਆ ਹੈ। ਦਿਖਾਵੇ ਦੀਆਂ ਵਿਆਹਾਂ: ਲੋਕ ਸਾਲਾਂ ਦੀ ਕਮਾਈ ਇੱਕ ਦਿਨ ਦੇ ਦਿਖਾਵੇ ਵਿੱਚ ਉਡਾ ਦਿੰਦੇ ਹਨ।

ਮਾਨਸਿਕ ਸਿਹਤ ਉੱਤੇ ਹਮਲਾ ਦਿਖਾਵੇ ਦੀ ਇਹ ਦੌੜ ਸਾਨੂੰ ਮਾਨਸਿਕ ਤੌਰ 'ਤੇ ਖਾਲੀ ਕਰ ਰਹੀ ਹੈ। ਜਦੋਂ ਅਸੀਂ ਆਪਣੀ ਹਕੀਕਤ ਅਤੇ ਦਿਖਾਵੇ ਵਾਲੀ ਤਸਵੀਰ ਵਿਚਕਾਰਲੇ ਪਾੜੇ ਨੂੰ ਨਹੀਂ ਭਰਦੇ, ਤਾਂ ਹੇਠ ਲਿਖੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ: ਤੁਲਨਾ ਦਾ ਜ਼ਹਿਰ: ਦੂਜਿਆਂ ਨਾਲ ਆਪਣੀ ਤੁਲਨਾ ਕਰਨਾ ਹੀ ਦੁੱਖ ਦਾ ਮੂਲ ਕਾਰਨ ਹੈ। ਇਕੱਲਾਪਣ: ਭੀੜ ਵਿੱਚ ਚਮਕਣ ਦੀ ਇੱਛਾ ਵਿੱਚ ਅਸੀਂ ਆਪਣੇ ਆਪ ਨਾਲ ਅਸਲ ਸਬੰਧ ਗੁਆ ਦਿੰਦੇ ਹਾਂ। ਤਣਾਅ ਅਤੇ ਚਿੰਤਾ: ਹਮੇਸ਼ਾ 'ਅੱਪ-ਟੂ-ਡੇਟ' ਦਿਖਾਈ ਦੇਣ ਦਾ ਦਬਾਅ ਸਾਨੂੰ ਸ਼ਾਂਤੀ ਨਾਲ ਜੀਉਣ ਤੋਂ ਰੋਕਦਾ ਹੈ।ਸਮਾਜ ਉਦੋਂ ਹੀ ਸਿਹਤਮੰਦ ਹੋਵੇਗਾ ਜਦੋਂ ਅਸੀਂ ਦਿਖਾਵੇ ਤੋਂ ਬਾਹਰ ਨਿਕਲ ਕੇ ਹਕੀਕਤ ਨੂੰ ਅਪਣਾਵਾਂਗੇ। ਜੋ ਹਨ, ਉਹੀ ਰਹਿਣਾ ਅੱਜ ਦੇ ਸਮੇਂ ਵਿੱਚ ਇਹੀ ਸਭ ਤੋਂ ਵੱਡੀ ਹਿੰਮਤ ਹੈ।



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

LARRY T. NIERMEYER
Attorney at Law



OFFERING SERVICES IN
THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 137**

ਜੀਅ ਕੀ ਬਿਰਥਾ ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ ॥ ਮਰਣਿ ਜੀਵਣਿ ਆਰਾਧਣਾ ਸਭਨਾ ਕਾ ਆਧਾਰੁ ॥ ਸਸੁਰੈ ਪੇਈਐ ਤਿਸੁ ਕੰਤ ਕੀ ਵਡਾ ਜਿਸੁ ਪਰਵਾਰੁ ॥ ਊਚਾ ਅਗਮ ਅਗਾਧਿ ਬੋਧ ਕਿਛੁ ਅੰਤੁ ਨ ਪਾਰਾਵਾਰੁ ॥ ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ ॥ ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ ॥ ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ ॥ ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥ ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ ॥ ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ ॥੨॥ {ਪੰਨਾ 137}

ਭਾਵ ਅਰਥ:-

ਮਨ ਦੀ ਵਿਅਥਾ ਸਿਰਫ ਇਕ ਉਹ ਪੂਰਨ ਪਰਮੇਸ਼ਵਰ ਪਾਰਬ੍ਰਹਮ , ਜਿਹਦਾ ਅੰਤ ਨਾ ਪਾਰਾਵਾਰ ਹੀ ਜਾਣਦਾ ਹੈ, ਉਹੀ ਸਮਝ ਸਕਦਾ ਹੈ। ਜਿਸ ਨੂੰ ਦਿਨ ਰਾਤ ਤੇ ਸੰਪੂਰਨ ਜੀਵਨ ਧਿਆਉਣਾ ਚਾਹੀਦਾ ਹੈ। ਉਸ ਦਾ ਪਸਾਰਾ ਲੋਕ ਅਤੇ ਪਰਲੋਕ ਦੋਹਾਂ ਥਾਵਾਂ ਤੇ ਜੀਵ ਇਸਤਰੀ ਨੂੰ ਸੰਪੂਰਨ ਟੇਕ ਦਿੰਦਾ ਹੈ। ਉਸ ਪਾਰਬ੍ਰਹਮ ਪਰਮੇਸ਼ਵਰ ਦਾ ਨਾ ਕਿਸੇ ਨੇ ਆਦਿ ਪਾਇਆ ਹੈ ਅਤੇ ਨਾ ਹੀ ਅੰਤ ਪਾਇਆ। ਸਾਧ ਸੰਗਤ ! ਜਦੋਂ ਅਸੀਂ ਗੁਰੂ ਜਨਾਂ ਦੇ ਚਰਨਾਂ ਦੀ ਰੇਨੁਕਾ ਬਣ ਜਾਂਦੇ ਹਾਂ ,ਇੰਨੇ ਨਿਮਰ ਹੋ ਜਾਂਦੇ ਹਾਂ ਤਦ ਹੀ ਉਸ ਪ੍ਰਭੂ ਪਰਮਾਤਮਾ ਨੂੰ ਚੰਗੇ ਲੱਗਦੇ ਹਾਂ। ਅਕਾਲ ਪੁਰਖ ਦੀਨਾਂ (ਗਰੀਬਾਂ) ਦਾ ਨਾਥ(ਦਾਤਾ) ਹੈ ਤੇ ਸਭ ਨੂੰ ਦਾਤਾਂ ਬਖਸ਼ਦਾ ਅਤੇ ਪਾਪੀਆਂ ਦਾ ਉਧਾਰ ਕਰਦਾ ਹੈ। ਉਸ ਦਾ ਇਹ ਨਾਮ ਸੱਚਾ ਕਰਤਾਰ ਬਜ਼ੁਰਗੀਅਤ ਦੇ ਸਮੇਂ ਤੋਂ ਚਲਿਆ ਆ ਰਿਹਾ ਹੈ। ਉਸ ਦੀ ਅਸਲੀ ਕੀਮਤ ਅਤੇ ਮਾਪ ਦੰਡ ਕੋਈ ਨਹੀਂ ਜਾਣ ਸਕਦਾ। ਓਹੋ ਪ੍ਰਭੂ ਇੰਨਾ ਵਿਸ਼ਾਲ ਹੈ ਕਿ ਹਰ ਹਿਰਦੇ ਦੇ ਅੰਦਰ ਵੱਸ ਰਿਹਾ ਹੈ (ਕਣ ਕਣ ਵਿਚ ਵੱਸ ਰਿਹਾ ਹੈ) ਜਿਸ ਦਾ ਅੰਤ ਨ ਪਾਰਾਵਾਰ। ਹੇ ਨਾਨਕ। ਮੈਂ ਉਨਾਂ ਭਗਤੀ ਵਾਲੀਆਂ ਰੂਹਾਂ ਤੋਂ ਸਦਕੇ ਜਾਂਦਾ ਹਾਂ ਜਿਹੜੇ ਦਿਨ ਰਾਤ ਉਸ ਅਪਰੰਪਾਰ ਨੂੰ ਸਿਮਰਦੇ ਹਨ।

ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ ॥ ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ ॥ ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ ॥ ਕੀਮਤਿ ਕਹਣੁ ਨ ਜਾਈਐ ਪਰਮੇਸੁਰੁ ਬੇਅੰਤੁ ॥ ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ ॥ ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ ॥ ਨਾਨਕੁ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ ॥ ਦਿਨੁ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ ॥੩॥ {ਪੰਨਾ 137}

ਭਾਵ ਅਰਥ:--

ਸਾਧ ਸੰਤ ਉਸ ਦਾਤੇ ਦੇ ਨਾਮ ਦਾ ਸਦਾ ਸਦਾ ਜਾਪ ਕਰਦੇ ਹਨ, ਤੇ ਉਹ ਦੀਨ ਦਿਆਲ ਉਹਨਾਂ ਲਈ ਬਖਸ਼ਿਸ਼ਾਂ ਭੰਡਾਰੇ ਕੋਲ ਰੱਖਦਾ ਹੈ। ਉਸੇ ਪ੍ਰਭੂ ਨੇ ਇਹ ਸਰੀਰ ਘੜਿਆ ਹੈ ਤੇ ਇਹਦੇ ਵਿੱਚ ਜਾਨ ਅਤੇ ਆਤਮਾ ਪਾਈ ਹੈ। ਸੋ ਹੇ ਭਾਈ ! ਗੁਰੂ ਦੀ ਦੱਸੀ ਹੋਈ ਸਿੱਖਿਆ ਅਨੁਸਾਰ ਪਾਵਨ ਸ਼ਬਦ ਬਾਣੀ ਦਾ ਜਾਪ ਕਰਦੇ ਰਹੀਏ। ਉਸ ਅਪਰੰਪਾਰ ਦਾ ਅਸੀਂ ਪਾਰ ਨਹੀਂ ਪਾ ਸਕਦੇ। ਜਿਸ ਦੇ ਹਿਰਦੇ ਅੰਦਰ ਬਸ ਪ੍ਰਭੂ ਪਰਮਾਤਮਾ ਦਾ ਵਾਸਾ ਹੋ ਗਿਆ, ਉਹ ਅਸਲ ਵਿੱਚ ਭਗਤ ਅਖਵਾਉਣ ਲੱਗ ਗਿਆ। ਸਮਝੋ ਉਸ ਜੀਵ ਇਸਤਰੀ ਦੀ ਹਰ ਤਮੰਨਾ ਪੂਰੀ ਹੋ ਗਈ , ਜਿਵੇਂ ਪਤੀ ਦੇ ਮਿਲਣ ਤੇ ਤ੍ਰੀਮਰ ਦੀ ਕਾਮਨਾ ਪੂਰੀ ਹੋ ਜਾਂਦੀ ਹੈ। ਹੇ ਨਾਨਕ ! ਉਸ ਅਕਾਲ ਪੁਰਖ ਨੂੰ ਸਿਮਰਨ ਵਾਲੀ ਰੂਹ ਦੇ ਸਾਰੇ ਹੀ ਪਾਪ ਨਾਸ਼ ਹੋ ਜਾਂਦੇ ਹਨ। ਜਿਹੜਾ ਜੀਵ ਉਸ ਅਕਾਲ ਪੁਰਖ ਨੂੰ ਦਿਨ ਰਾਤ ਆਪਣੇ ਚੇਤੇ ਵਿੱਚ ਰੱਖਦਾ ਹੈ ਓਹ ਸਦਾ ਹੀ ਸੁਖੀ, ਪਰਫੁੱਲਿਤ ਤੇ ਸੰਤੁਸ਼ਟ ਰਹਿੰਦਾ ਹੈ।

ਸਰਬ ਕਲਾ ਪ੍ਰਭ ਪੂਰਣੋ ਮੰਞੁ ਨਿਮਾਣੀ ਥਾਉ ॥ ਹਰਿ ਓਟ ਗਹੀ ਮਨ ਅੰਦਰੇ ਜਪਿ ਜਪਿ ਜੀਵਾਂ ਨਾਉ ॥ ਕਰਿ ਕਿਰਪਾ ਪ੍ਰਭ ਆਪਣੀ ਜਨ ਧੂੜੀ ਸੰਗਿ ਸਮਾਉ ॥ ਜਿਉ ਤੂੰ ਰਾਖਹਿ ਤਿਉ ਰਹਾ ਤੇਰਾ ਦਿਤਾ ਪੈਨਾ ਖਾਉ ॥ ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ॥ ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ ॥ ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ ॥ ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ॥ ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥੪॥੧॥ {ਪੰਨਾ 137}ਵ

ਮੇਰੇ ਵਰਗੀ ਨਿਮਾਣੀ ਜਿਹੀ ਜੀਵ ਇਸਤਰੀ ਦੀਆਂ ਸਾਰੀਆਂ ਇੱਛਾਂ ਪੂਰਨ ਕਰਨ ਵਾਲਾ ਉਹ ਇਕੋ ਪਰਮਾਤਮਾ ਹੈ। ਮੇਰੇ ਹਿਰਦੇ ਨੂੰ ਉਸ ਦੀ ਪੂਰਨ ਤੌਰ ਤੇ ਟੇਕ ਹੈ ਤੇ ਮੈਂ ਉਹਦਾ ਨਾਮ ਲੈ ਲੈ ਕੇ ਹੀ ਜਿਉਂਦੀ ਹਾਂ। ਹੇ ਪ੍ਰਭੂ ! ਮੇਰੇ ਤੇ ਕਿਰਪਾ ਕਰ ਤਾਂ ਕਿ ਮੈਂ ਸਾਧ ਜਨਾਂ ਦੇ ਸੰਗ ਵਿੱਚ ਧੂਨੀ ਰਮਾ ਕੇ ਬੈਠ ਸਕਾਂ (ਤੇ ਤੇਰੇ ਗੁਣਾਂ ਦੀ ਵਿਚਾਰ ਚਰਚਾ ਕਰ ਸਕਾਂ)। ਹੇ ਦਾਤਾ ! ਤੂੰ ਜਿਸ ਹਾਲ ਚ ਰੱਖੇਂ ਮੈਂ ਖੁਸ਼ ਹਾਂ ਤੇ ਤੇਰਾ ਹੀ ਦਿੱਤਾ ਖਾਂਦੀ ਤੇ ਪਾਉਂਦੀ ਹਾਂ। ਕੋਈ ਇਸ ਚੀਜ਼ ਦੀ ਮੇਰੇ ਉੱਪਰ ਕਿਰਪਾ ਕਰ ਦਵੇ ਕਿ ਮੈਂ ਸਾਧ ਸੰਗਤ ਨੂੰ ਮਿਲ ਕੇ ਤੇਰੇ ਨਾਲ ਲਗਨ ਜੋੜ ਸਕਾਂ। ਤੇਰੇ ਬਿਨਾ ਮੇਰਾ ਕੋਈ ਹੋਰ ਨਹੀਂ ਜਿਹਨੂੰ ਜਾ ਕੇ ਮੈਂ ਆਪਣੀ ਵਿਅਥਾ ਸੁਣਾਵਾਂ। ਹੇ ਹਰੀ ਪ੍ਰਭੂ ! ਤੂੰ ਅਗਿਆਨਤਾ ਦਾ ਅੰਧੇਰਾ ਮਿਟਾਉਣ ਵਾਲਾ ਹੈਂ ,ਗੁੱਸੇ ਨੂੰ ਹਰਨ ਵਾਲਾ ਹੈਂ ਤੇ ਸਭ ਤੋਂ ਉੱਚਾ ਅਤੇ ਸਾਡੀਆਂ ਗਿਆਨ ਇੰਦਰੀਆਂ ਦੀ ਪਹੁੰਚ ਤੋਂ ਬਹੁਤ ਦੂਰ ਹੈਂ। ਦਾਸ ਨਾਨਕ ! ਦੀ ਬੇਨਤੀ ਹੈ ,ਹੇ ਗੋਬਿੰਦ ਪ੍ਰਭ !ਮੇਰਾ ਇੱਕੋ ਹੀ ਮਨੋਰਥ ਹੈ ਕਿ ਮੇਰੇ ਦਿਲ ਵਿੱਚ ਤੂੰ ਵਸ ਜਾਵੇਂ। ਜਿਸ ਦਿਨ ਤੇਰੇ ਚਰਨ ਕਮਲਾਂ ਦੀ ਛੋ ਪ੍ਰਾਪਤ ਹੋ ਜਾਂਦੀ ਹੈ, ਮੇਰੇ ਸਭ ਦੁਖ ਕੱਟੇ ਜਾਂਦੇ ਹਨ।

ਵਾਰ ਮਾਝ ਕੀ ਤਥਾ ਸਲੋਕ ਮਹਲਾ ੧
ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥
ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਸਲੋਕੁ ਮਃ ੧

ਪ੍ਰਸੰਗ: ਵਿਆਖਿਆ ਅਧੀਨ ਬਾਣੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਲੋਕਾਂ ਦੇ ਨਾਲ , ਕੁਝ ਸ਼ਖਸੀਅਤਾਂ ਦੀਆਂ ਵਾਰਾਂ ਨੂੰ ਸੁਸੱਜਿਤ ਕਰਨ ਲਈ ਜੋੜਿਆ ਹੈ। ਇਥੇ ਸੰਖੇਪ ਵੇਰਵਾ ਇਸ ਤਰਾਂ ਹੈ ਕਿ,ਅਕਬਰ ਦੇ ਦਰਬਾਰ ਵਿੱਚ ਦੋ ਰਾਜਪੂਤ ਜੋ ਬੜੇ ਬਹਾਦਰ ਸਨ ਵੱਡਿਆਂ ਅਹੁਦਿਆਂ ਤੇ ਤੈਨਾਤ ਸਨ। ਦੋਨਾਂ ਦੀ ਇੱਕ ਦੂਸਰੇ ਨਾਲ ਬਣਦੀ ਨਹੀਂ ਸੀ। ਇੱਕ ਵਾਰੀ ਅਕਬਰ ਨੇ ਦੋਨਾਂ ਨੂੰ ਜੰਗ ਦੇ ਮੈਦਾਨ ਚ ਭੇਜਿਆ। ਮਲਕ ਦੇ ਨਾਂ ਨਾਲ ਜਾਨਣ ਵਾਲਾ ਥੋੜਾ ਪਿੱਛੇ ਰਹਿ ਗਿਆ ਮੁੜ ਕੇ ਦੂਜੇ ਨੂੰ ਭੇਜਿਆ ਗਿਆ ਜਿਹੜਾ ਸੋਹੀ ਚੰਦਰ ਹੜਾ ,ਸੋਹੀ ਜਾਤ ਨਾਲ ਸੰਬੰਧਿਤ ਸੀ । ਦੋਵੇਂ ਆਪਸ ਵਿੱਚ ਲੜ ਮਰੇ, ਉਪਰੰਤ ਕਵੀਸ਼ਰੀਆਂ ਨੇ ਉਹਨਾਂ ਉੱਪਰ ਕਵੀਸ਼ਰੀ ਬਣਾਈ ਤੇ ਗਾਈ। ਜਿਸ ਤਰਜ ਵਿੱਚ ਇਹ ਕਵੀਸ਼ਰੀ ਗਾਈ ਜਾਂਦੀ ਰਹੀ ਉਸ ਨੂੰ "ਮਲਕ ਮੁਰੀਦ ਅਤੇ ਚੰਦਰ ਹੜਾ ਸੋਈਆ ਕੀ ਧੁਨੀ" ਦਾ ਨਾਮ ਦੇ ਦਿੱਤਾ ਗਿਆ। ਹੁਣ ਆਉਣ ਵਾਲੀ ਬਾਣੀ ਇਸੇ ਧੁਨੀ ਤਹਿਤ, ਮਾਝ ਰਾਗ ਵਿੱਚ ਗਾਉਣ ਦੀ ਹਿਦਾਇਤ ਹੈ।

ਮੰਗਲਾਚਰਨ:-

ਉਹ ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ ਸੱਚਾ ਹੈ, ਉਹ ਸਭ ਕੁਝ ਕਰਨ ਕਰਾਵਣਹਾਰ ਆਪ ਹੈ ਤੇ ਗੁਰੂ ਦੀ ਕਿਰਪਾ ਨਾਲ ਹੀ ਮਨੁੱਖ ਨੂੰ ਮਿਲਦਾ ਹੈ। ਅਗਲੀ ਬਾਣੀ ਸਿੱਖੀ ਦੇ ਪਹਿਲੇ ਨਾਨਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਸਨਾ ਤੋਂ ਉਚਾਰੀ ਗਈ ਹੈ।

ਭਾਵ ਅਰਥ:-

ਜਿਸ ਦੇ ਅੰਦਰ ਹਿਰਦੇ ਵਿੱਚ ਅਕਾਲ ਪੁਰਖ ਦਾ ਵਾਸਾ ਹੋ ਗਿਆ ਸਮਝੋ ਉਸਦੇ ਅੰਦਰ ਰੋਸ਼ਨੀ ਹੋ ਗਈ। ਹੇ ਨਾਨਕ ! ਉਹ ਮਨੁੱਖ ਇੱਕ ਤਰ੍ਹਾਂ ਨਾਲ ਸਦਾ ਵਾਸਤੇ ਜੀਵਿਤ ਹੋ ਗਿਆ ਜਿਸ ਦੇ ਮਨ ਨੇ ਉਸ ਅਕਾਲ ਪੁਰਖ ਨੂੰ ਆਪਣੇ ਮਨ ਅੰਦਰ ਵਸਾ ਲਿਆ ਉਹ ਸਦਾ ਲਈ ਸੁਖੀ ਹੋ ਗਿਆ ।(ਦੁਨੀਆ ਉਸਨੂੰ ਮਰਨ ਤੋਂ ਬਾਅਦ ਵੀ ਯਾਦ ਕਰਦੀ ਹੈ)॥੧॥

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਸਲੋਕੁ ਮਃ ੧ ॥ ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥ ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥੧॥ ਮਃ ੧ ॥ ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥ ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈਖੇਡ ॥ ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥ ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥ ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥ ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥ ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥

ਭਾਵ ਅਰਥ:-

ਸਲੋਕ ਮਹਲਾ ਪਹਿਲਾ:--ਇਸ ਬਾਣੀ ਵਿੱਚ ਗੁਰੂ ਨਾਨਕ ਸਾਹਿਬ ਨੇ ਜੀਵਨ ਦੀਆਂ ਦਸ ਅਵਸਥਾਵਾਂ ਦਾ ਜਿਕਰ ਕੀਤਾ ਹੈ। ਪਹਿਲੀ ਜਦੋਂ ਜਨਮ ਹੁੰਦਾ ਹੈ ਤਾਂ ਬੱਚਾ ਆਪਣੇ ਮਾਂ ਦੇ ਦੁੱਧ ਨੂੰ ਪਿਆਰ ਕਰਦਾ ਹੈ। ਜਦੋਂ ਥੋੜੀ ਜਿਹੀ ਸੁੱਧ ਬੁੱਧ ਵੱਧਦੀ ਹੈ ਤਾਂ ਬੱਚੇ ਨੂੰ ਆਪਣੇ ਮਾਂ ਬਾਪ ਨਾਲ ਲਗਾਵ ਹੁੰਦਾ ਹੈ। ਤੀਸਰੀ ਅਵਸਥਾ ਵਿੱਚ ਉਹਦੀ ਜਾਣਕਾਰੀ ਦਾ ਘੇਰਾ ਵੱਧਦਾ ਹੈ ਤੇ ਭਰਾ ਭਰਜਾਈ ਭੈਣ ਆਦਿ ਨਾਲ ਸਬੰਧਾਂ ਦਾ ਪਤਾ ਲੱਗਦਾ ਹੈ ਚੌਥੀ ਅਵਸਥਾ ਵਿੱਚ ਖੇਡਣਾ ਮੱਲਣਾ ਚੰਗਾ ਲੱਗਦਾ ਹੈ, ਪੰਜਵੀਂ ਵਿੱਚ ਖਾਣ ਪੀਣ ਦਾ ਸਵਾਦ ਉਪਜਦਾ ਹੈ, ਛੇਵੀਂ ਵਿੱਚ ਕਾਮ ਸਿਰ ਚੁੱਕਦਾ ਹੈ ਤੇ ਜਾਤ ਨਹੀਂ ਪੁੱਛੀ ਜਾਂਦੀ, ਸੱਤਵੀਂ ਅਵਸਥਾ ਵਿੱਚ ਗ੍ਰਹਿਸਤ ਜੀਵਨ ਵੱਲ ਝੁਕਾ ਹੁੰਦਾ ਹੈ, ਅੱਠਵੀਂ ਅਵਸਥਾ ਵਿੱਚ ਕ੍ਰੋਧ ਵਰਗੀ ਚੰਡਾਲ ਚੀਜ਼ਾਂ ਸੁਭਾਅ ਵਿੱਚ ਆ ਜਾਂਦੀਆਂ ਹਨ ਅਤੇ ਤਨ ਨੂੰ ਨਾਸ਼ ਕਰਦੀਆਂ ਹਨ, ਨੌਵੀਂ ਅਵਸਥਾ ਵਿੱਚ ਧੌਲੇ ਆਉਣ ਲੱਗ ਜਾਂਦੇ ਹਨ ਅਤੇ ਸਰੀਰਕ ਕਮਜ਼ੋਰੀ ਕਾਰਨ ਸਾਹ ਚੜਨ ਲੱਗ ਜਾਂਦਾ ਹੈ। ਦਸਵੀਂ ਹਾਲਤ ਵਿੱਚ ਮੌਤ ਘੇਰ ਲੈਂਦੀ ਹੈ ਤੇ ਅੰਤ ਸਰੀਰ ਸਵਾਹ ਹੋ ਜਾਂਦਾ ਹੈ। ਬੰਦਾ ਉੱਠ ਚਲਦਾ ਹੈ ਜਾਣ ਲੱਗਿਆਂ ਸੰਗੀ ਸਾਥੀਆਂ ਨੂੰ ਬੁਲਾਉਂਦਾ ਹੈ। ਹੁਣ ਆਤਮਾ ਪਰਮਾਤਮਾ ਦੇ ਰਾਹ ਤੇ ਚੱਲ ਪੈਂਦੀ ਹੈ। ਜਿਸਦੇ ਪਿੱਛੋਂ ਫਿਰ ਪਤਲਾਂ ਉੱਤੇ ਕਾਂਵਾਂ ਨੂੰ, ਮਰਨ ਵਾਲੇ ਦੇ ਨਮਿਤ ਖਾਣਾ ਖਵਾਇਆ ਜਾਂਦਾ ਹੈ। (ਭਾਵ ਮੁੱਕ ਚੁੱਕੇ ਜੀਵ ਦੀ ਥਾਂ ਕਾਂਵਾਂ ਆਦਿ ਨੂੰ ਖਾਣਾ ਖਵਾ ਕੇ ਇਨਸਾਨੀ ਸੰਤੁਸ਼ਟੀ ਕੀਤੀ ਜਾਂਦੀ ਹੈ ਕਿ ਅਸੀਂ ਆਪਣੇ ਪਿਆਰੇ ਨੂੰ ਖਾਣਾ ਖਵਾ ਦਿੱਤਾ ਹੈ)। ਹੇ ਨਾਨਕ ! ਮਨ ਦੇ ਮਗਰ ਲੱਗਣ ਵਾਲਾ ਮਨੁੱਖ ਵਿਕਾਰਾਂ ਵਿੱਚ ਡੁੱਬਿਆ ਰਹਿੰਦਾ ਹੈ । ਉਹਨਾਂ ਨਾਲ ਹੀ ਮੁਹੱਬਤ ਪਾਈ ਰੱਖਦਾ ਹੈ, ਸਾਰੀ ਉਮਰ ਲਈ। ਪਰ ਗੁਰੂ ਦੇ ਗਿਆਨ ਤੋਂ ਬਗੈਰ ਸੰਸਾਰ ਇਸੇ ਤਰਾਂ ਹੀ ਮਾਇਆ ਦੇ ਦੂਜੇ ਭਾਵਾਂ ਵਿੱਚ ਡੁੱਬ ਜਾਂਦਾ ਹੈ।

**ਅੰਗ 138**

ਮਃ ੧ ॥ ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥ ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥ ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥ ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥ ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥੩॥ {ਪੰਨਾ 138}

ਭਾਵ ਅਰਥ:-

ਹੇ ਭਾਈ ! ਮਨੁੱਖਾ ਜੀਵਨ ਥੋੜ ਚਿਰਾ ਹੈ । ਇਸ ਵਿੱਚ ਪਹਿਲੇ ਦਸ ਸਾਲ ਬਚਪਨ ਵਿੱਚ ਲੰਘਦੇ, ਵੀਹ ਸਾਲ ਤੱਕ ਕੰਮ ਵਾਸਨਾ ਵੱਲ ਧਿਆਨ ਹੁੰਦਾ ਹੈ , ਤੀਹ ਸਾਲ ਦਾ ਹੁੰਦਾ ਹੁੰਦਾ ਬੰਦਾ ਸੁੰਦਰ ਲੱਗਣ ਲੱਗ ਜਾਂਦਾ ਹੈ। ਚਾਲੀ ਦੀ ਉਮਰ ਵਿੱਚ ਪੂਰਨ ਸਮਝ ਆ ਜਾਂਦੀ ਹੈ। ਪਚਵੰਜਾ ਦੀ ਉਮਰ ਤੱਕ ਆਉਂਦੇ ਆਉਂਦੇ ਪੈਰ ਹਿਲਣ ਜੁਲਣ ਲੱਗ ਜਾਂਦੇ ਹਨ,ਸੱਠਾਂ ਚ ਬੁਢੇਪਾ ਕਹਾਉਂਦਾ ਹੈ ਤੇ 70 ਸਾਲਾਂ ਦਾ ਹੁੰਦੇ ਹੁੰਦੇ ਅਕਲ ਘੱਟ ਜਾਂਦੀ ਹੈ ਤੇ ਅੱਸੀ ਤੱਕ ਪਹੁੰਚਦੇ ਪਹੁੰਚਦੇ ਬਿਲਕੁਲ ਹੀ ਵਿਹਾਰ ਭੁੱਲ ਜਾਂਦਾ ਹੈ। ਨੱਬਿਆਂ ਸਾਲਾਂ ਦਾ ਹੁੰਦਿਆਂ ਹੁੰਦਿਆਂ ਪੱਕੇ ਤੌਰ ਤੇ ਮੰਜਾ ਫੜ ਲੈਂਦਾ ਤੇ ਸਾਰੀ ਤਾਕਤ ਖਤਮ ਹੋ ਜਾਂਦੀ ਹੈ। ਹੇ ਨਾਨਕ ! ਮੈਂ ਤੱਤ ਕੱਢਿਆ ਹੈ, ਵੇਖਿਆ ਹੈ, ਕਿ ਇਹ ਜਗਤ ਜੀਵਨ ਇਕ ਚਿੱਟਾ ਮੰਦਰ ਹੈ ਭਾਵ ਦੇਖਣ ਨੂੰ ਸੋਹਣਾ ਹੈ ਪਰ ਹੈ ਬਣਿਆ ਧੂੰਏ ਦਾ (ਭਾਵ ਸਦਾ ਥਿਰ ਨਹੀਂ ਹੈ ਇਸ ਨੇ ਇਕ ਦਿਨ ਅਲੋਪ ਹੀ ਹੋ ਜਾਣਾ ਹੈ)।

ਪਉੜੀ ॥ ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥ ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥ ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥ ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥ ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥ ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥ ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ॥ ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ ॥੧॥ {ਪੰਨਾ 138}

ਹੇ ਪਾਰਬ੍ਰਹਮ ਪ੍ਰਭੂ ਤੇਰਾ ਪਸਾਰਾ ਸਾਡੀਆਂ ਗਿਆਨ ਇੰਦਰੀਆਂ ਤੋਂ ਕਿਤੇ ਦੂਰ ਤੱਕ ਹੈ(ਸਾਡੀ ਪਹੁੰਚ ਤੇਰੇ ਖਿਆਲਾਤ ਤੱਕ ਤੇਰੇ ਅੰਚਲ ਤੱਕ ਨਹੀਂ ਹੈ) ਤੇ ਇਹ ਸਾਰਾ ਹੀ ਖੰਡ ਬ੍ਰਹਮੰਡ ਧਰਤੀ ਪਾਤਾਲ ਸਭ ਤੇਰੇ ਸਿਰਜੇ ਹਨ। ਤੇਰੀ ਇਸ ਰਚਨਾ ਵਿੱਚ ਬਹੁ ਭਾਂਤ ਬਹੁ ਰੰਗੀ ਜੀਵ ਜੰਤੂ ਅਤੇ ਬਨਸਪਤੀ ਤੂੰ ਸਿਰਜੇ ਹਨ। ਤੇਰੀ ਇਸ ਖੇਡ ਨੂੰ ਤੂੰ ਆਪ ਹੀ ਜਾਣਦਾ ਹੈ। ਤੇਰੇ ਇਸ ਖੇਡ ਵਿੱਚ ਇਕ ਆਉਂਦਾ ਇਕ ਚਲੇ ਜਾਂਦਾ ਅਤੇ ਇਹਨਾਂ ਵਿੱਚ ਕਈ ਬਿਨਾਂ ਨਾਮ ਤੋਂ ਹੀ ਚਲੇ ਜਾਂਦੇ ਨੇ। ਜਿਹੜਾ ਮਨੁੱਖ ਗੁਰੂ ਦੀ ਸਿੱਖਿਆ ਦੇ ਮਗਰ ਲੱਗਦਾ ਉਹਦੇ ਹਿਰਦੇ ਤੇ ਹਰੀ ਪ੍ਰਭੂ ਦਾ ਤੇ ਉਹਦੇ ਨਾਮ ਦਾ ਗੂੜਾ ਰੰਗ ਚੜਦਾ ਹੈ। ਇਸ ਲਈ ਹੇ ਬੰਦੇ ਉਸ ਨਿਰਲੇਪ ਪ੍ਰਭੂ ਦੀ ਸੇਵਾ ਸਿਫਤ ਸਲਾਹ ਕਰਨਾ ਕਰੋ ਉਹੀ ਸਭ ਦਾ ਬਿਧਾਤਾ ਹੈ। ਹੇ ਅਕਾਲ ਪੁਰਖ ਤੂੰ ਆਪੇ ਹੀ ਸਭ ਜਾਣੀ ਜਾਣ ਹੈ ਅਤੇ ਸਭ ਤੋਂ ਉੱਚਾ ਹੈ। ਜਿਹੜੇ ਪੁਰਸ਼ ਤੈਨੂੰ ਸੱਚੇ ਮਨੋ ਧਿਆਉਂਦੇ ਨੇ ਮੈਂ ਉਹਨਾਂ ਤੋਂ ਵਾਰੀ ਵਾਰੀ ਜਾਂਦਾ ਹਾਂ।

ਸਲੋਕ ਮਃ ੧ ॥ ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥ ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ ॥ ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ ॥ ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ ॥ ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥੧॥

ਹੇ ਸੱਜਣ ਉਸ ਪ੍ਰਭੂ ਪਰਮਾਤਮਾ ਨੇ ਜਿੱਥੇ ਬਦਨ ਸਜਾਇਆ ਹੈ ਉਹਦੇ ਵਿੱਚ ਜਾਨ ਵੀ ਪਾਈ ਹੈ। ਅੱਖਾਂ ਦੇਖਣ ਲਈ ਨਿਆਮਤ ਦਿੱਤੀਆਂ ਨੇ ਕੰਨ ਸਰਵਣ ਕਰਨ ਲਈ ਦਿੱਤੇ ਨੇ ਤੇ ਜੀਵ ਬੋਲਣ ਲਈ ਦਿੱਤੀ ਪੈਰ ਚੱਲਣ ਵਾਸਤੇ ਹੱਥ ਕੰਮ ਕਰਨ ਲਈ ਤਾਂ ਕਿ ਜੀਵਨ ਜਾਪਨ ਵਾਸਤੇ ਕਾਰਜ ਕੀਤਾ ਜਾ ਸਕੇ। ਪਰ ਵੇਖੋ ਉਹ ਬੰਦਾ ਉਸੇ ਨੂੰ ਭੁੱਲਿਆ ਬੈਠਾ ਹੈ ਜਿਸਨੇ ਸਾਰੀਆਂ ਨਿਆਮਤਾਂ ਦਿੱਤੀਆਂ ਹਨ ਇੱਕ ਤਰ੍ਹਾਂ ਨਾਲ ਇਸ ਨੂੰ ਅੰਨਾ ਹੀ ਕਿਹਾ ਜਾ ਸਕਦਾ ਹੈ ਅਤੇ ਕੂੜ ਹੀ ਕਮਾਉਂਦਾ ਹੈ। ਜਦੋਂ ਇਹ ਸਰੀਰ ਨਸ਼ਟ ਹੋ ਜਾਂਦਾ ਹੈ ਤਾਂ ਇਕ ਘੜੇ ਦੀ ਤਰਾਂ ਹੁੰਦਾ ਸਿਰਫ ਠੀਕਰੀਆਂ ਬਣ ਕੇ ਰਹਿ ਜਾਂਦਾ ਜਿਹਨੂੰ ਮੁੜ ਕੇ ਜੋੜਿਆ ਨਹੀਂ ਜਾ ਸਕਦਾ। ਹੇ ਨਾਨਕ ਗੁਰੂ ਤੋਂ ਬਿਨਾਂ ਇੱਜ਼ਤ ਪੱਤ ਨਹੀਂ ਮਿਲ ਸਕਦੀ ਤੇ ਇੱਜਤ ਪਤ ਤੋਂ ਬਿਨਾਂ ਇਸ ਬਿਖੜੇ ਸੰਸਾਰ ਸਾਗਰ ਤੋਂ ਪਾਰ ਨਹੀਂ ਉਤਰਿਆ ਜਾ ਸਕਦਾ ਭਾਵ ਮੁਕਤੀ ਨਹੀਂ ਮਿਲ ਸਕਦੀ।

ਪਉੜੀ ॥ ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥ ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥ ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥ ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥ ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥ ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥ ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥ {ਪੰਨਾ 138}

ਭਾਵ ਅਰਥ:-

ਹੇ ਕਰਤਾਰ ਤੂੰ ਆਪੇ ਹੀ ਸੰਸਾਰ ਸਾਜਿਆ ਤੇ ਹਰਿ ਜੀਵ ਨੂੰ ਉਹਦੇ ਧੰਦੇ ਤਾਇਆ। ਜੀਵਾਂ ਵਿੱਚ ਮੋਹ ਦੀ ਠੱਗ ਬੋਟੀ ਪਾ ਕੇ ਆਪੇ ਹੀ ਉਹਨਾਂ ਨੂੰ ਖੁਆਰ ਕੀਤਾ ਹੈ। ਇਹ ਜੀਵ ਇਸ ਮੋਹ ਦੇ ਮਗਰ ਪਏ ਕਦੇ ਵੀ ਸੰਤੁਸ਼ਟ ਨਹੀਂ ਹੁੰਦੇ। ਇਹ ਸੰਸਾਰ ਇਕ ਤੌਖਲਾ ਹੈ ਇਹਦੇ ਵਿੱਚ ਸਿਰਫ ਜੰਮਣਾ ਤੇ ਮਰਨਾ ਹੈ। ਭਾਵੇਂ ਕੋਈ ਕਿੰਨੇ ਵੀ ਕਰਮ ਕਰ ਲਵੇ ਇਹ ਮੋਹ ਨਹੀਂ ਟੁੱਟ ਸਕਦਾ ਜਦੋਂ ਤੱਕ ਗੁਰੂ ਵੱਲੋਂ ਮਾਰਗਦਰਸ਼ਨ ਨਹੀਂ ਮਿਲਦਾ। ਗੁਰੂ ਦੀ ਸਿੱਖਿਆ ਅਨੁਸਾਰ ਪ੍ਰਭੂ ਪਰਮਾਤਮਾ ਵਿੱਚ ਲੱਗਣ ਲਗਾਈ ਜਾਵੇ ਬੰਦਗੀ ਕੀਤੀ ਜਾਵੇ ਤਾਂ ਇਹ ਰੱਜ ਕੇ ਸੁਖ ਮਿਲ ਸਕਦਾ ਹੈ। ਨਾਮ ਜਪਣ ਵਾਲੇ ਕੀ ਆਪਣੇ ਆਉਣ ਵਾਲਿਆਂ ਪਰਿਵਾਰਾਂ ਨੂੰ ਤਾਰ ਦਿੰਦੇ ਹਨ। ਜਿਸ ਨੇ ਇਹ ਕਾਰਜ ਕਰ ਲਿਆ ਭਾਵ ਉਸ ਉੱਤਮ ਪੁਰਖ ਨਾਲ ਨੀਜ ਲਾ ਲਈ ਓਹੋ ਆਪ ਵੀ ਸੁੰਦਰ ਹੋ ਗਿਆ ਤੇ ਉਸ ਦੀ ਸੋਚ ਵੀ ਸੁੰਦਰ ਹੋ ਗਈ।

ਮਃ ੨ ॥

ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥ ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥ ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥ ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥ ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥ ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥ ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥ {ਪੰਨਾ 138}

ਭਾਵ ਅਰਥ:-

ਮਨਮੁਖ ਨੂੰ ਅਜਿਹਾ ਸਮਝ ਲਓ ਕਿ ਪ੍ਰਭੂ ਪਰਮਾਤਮਾ ਦੀਆਂ ਦਿੱਤੀਆਂ ਦਾਤਾਂ ਉਹ ਦਾਤੇ ਨਾਲੋਂ ਜਿਆਦਾ ਚੰਗੀਆਂ ਲੱਗਦੀਆਂ ਹਨ। ਅਜਹੇ ਬੰਦੇ ਦੀ ਸੋਚ ਤੇ ਚੁਸਤੀ ਚਲਾਕੀ ਦੇ ਕੀ ਕਹਿਣੇ। ਭਾਵੇਂ ਉਹ ਅੰਦਰ ਵੜ ਕੇ ਗਲਤ ਕੰਮ ਕਰਦਾ ਹੈ ਪਰ ਪ੍ਰਭੂ ਪਰਮਾਤਮਾ ਤੋਂ ਨਹੀਂ ਦੁੱਖ ਸਕਦਾ। ਜਿਹੜਾ ਧਰਮ ਤੇ ਮਾਰਗ ਤੇ ਚੱਲਦਾ ਹੈ ਉਹਨੂੰ ਧਰਮੀ ਕਿਹਾ ਜਾਂਦਾ ਹੈ ਤੇ ਪਾਪ ਕਰਨ ਵਾਲੇ ਨੂੰ ਪਾਪੀ। ਇਹ ਸਾਰੀ ਤੇਰੀ ਆਪਣੀ ਰਚੀ ਹੋਈ ਖੇਡ ਹੈ ਦਾਤਾ ਕਿਸੇ ਹੋਰ ਨੂੰ ਅਸੀਂ ਕੀ ਕਹਿ ਸਕਦੇ ਹਾਂ। ਹਰ ਜੀਵ ਤੇਰਾ ਬਣਾਇਆ ਹੋਇਆ ਹ ਤੇ ਤੇਰੇ ਹੁਕਮ ਨਾਲ ਚਲਦਾ ਹੈ ਜਿੱਦਾਂ ਤੂੰ ਉਸਨੂੰ ਹੁਕਮ ਕਰੇਗਾ ਉਹਨੇ ਉਸੇ ਤਰ੍ਹਾਂ ਦੇ ਕਰਮ ਕਮਾਉਣੇ। ਜੇ ਕੋਈ ਤੇਰੇ ਕਹਿਣੇ ਤੋਂ ਬਾਹਰ ਕੋਈ ਕਾਰਜ ਕਰ ਸਕਦਾ ਹੈ ਤਾਂ ਉਸ ਨੂੰ ਸਿਆਣਾ ਕਹਿ ਸਕਦੇ ਹਾਂ। ਹੇ ਨਾਨਕ ਗੁਰਮੁਖ ਜੋ ਪ੍ਰਭੂ ਦੀ ਸ਼ਰਨ ਆਉਂਦਾ ਹੈ ਉਸ ਨੂੰ ਇਕੋ ਹੀ ਸਿਆਣਾ ਪੁਰਖ ਦਿਖਦਾ ਹੈ ਬਸ ਉਹੀ ਦਾਤਾ ।



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894

SANJHI SOCH TV & DAILY NEWSPAPER

TO EXPAND YOUR BUSINESS
IN INDIAN COMMUNITY

Through Newspaper & T.V,
Advertise with us just as
low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ
ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com
Sanjhi Soch TV NRI

SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260